Vide R.N.I. No. Pun-Pun 2002/8323

ASR/0001/2021/23

ੴ ਸਤਿਗੁਰ ਪ੍ਰਸਾਦਿ ।।

ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥

ਭੇਟਾ: 25/-

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

ਅੰਕ: 139

D.O.P. 15 May 2021





ਜਨਮ ਅਸਥਾਨ

ਗੁ: ਗੁਰੂ ਕੇ ਮਹਿਲ

ਸ੍ਰੀ ਅੰਮ੍ਰਿਤਸਰ ਸਾਹਿਬ

ਵਿਸ਼ੇਸ਼ ਅੰਕ

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ
400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ

# ਨੌਵੇਂ ਪਾਤਸ਼ਾਹ ਜੀ ਦੇ ਪਾਵਨ ਚਰਨ ਛੋਹ ਨੌਂ ਗੁਰਧਾਮ ਦਰਸ਼ਨ

1



## (1) ਗੁ: ਸ੍ਰੀ ਦਰਬਾਰ ਸਾਹਿਬ (ਬਾਬਾ ਬਕਾਲਾ)

ਇਸ ਅਸਥਾਨ ਤੇ
ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ
26 ਸਾਲ 9 ਮਹੀਨੇ 13 ਦਿਨ ਭੋਰੇ ਵਿੱਚ ਤਪੱਸਿਆ ਕੀਤੀ।

2



## (2) ਗੁ: ਥੜ੍ਹਾ ਸਾਹਿਬ (ਸ੍ਰੀ ਦਰਬਾਰ ਸਾਹਿਬ) ਸ੍ਰੀ ਅੰਮ੍ਰਿਤਸਰ

ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ
ਬਾਬੇ ਬਕਾਲੇ ਤੋਂ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ
ਆਏ ਤੇ ਇਸ ਜਗ੍ਹਾ ਬੇਰੀ ਦੇ ਰੁੱਖ ਹੇਠ ਬਿਰਾਜਮਾਨ ਹੋਏ।

3



## (3) ਗੁ: ਕੋਠਾ ਸਾਹਿਬ (ਪਿੰਡ ਵੱਲਾ) ਸ੍ਰੀ ਅੰਮ੍ਰਿਤਸਰ

ਇਸ ਅਸਥਾਨ ਤੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ
ਮਾਤਾ ਹਰੋ ਜੀ ਦਾ ਪ੍ਰੇਮ ਤੇ ਸ਼ਰਧਾ ਭਾਵਨਾ ਦੇਖ ਕੇ ਵਰ ਬਖਸ਼ਿਸ਼ ਕੀਤਾ :
"ਮਾਈਆਂ ਰੱਬ ਰਜਾਈਆਂ ਭਗਤੀ ਲਾਈਆਂ" (ਵੱਲਾ ਗੁਰੂ ਕਾ ਗੱਲਾ)

Asr. G.P.O.No. PB0001/ 2021-23

ੴ ਸਤਿਗੁਰ ਪ੍ਰਸਾਦਿ।।

ਅੰਕ-139ਵਾਂ (2021)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ, ਭਾਈ ਜਸਵਿੰਦਰ ਸਿੰਘ (ਪਟਿਆਲਾ)
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ
ਸ. ਕੰਵਲਜੀਤ ਸਿੰਘ, ਦਿੱਲੀ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

ਕੰਪਿਊਟਰ: ਸਿਫਤਿ ਸਾਲਾਹ ਦਫਤਰ

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 150 ਰੁ. | ਸਲਾਨਾ ਚੰਦਾ | 1200 ਰੁ. |
| 2 ਸਾਲ ਲਈ | 300 ਰੁ. | 2 ਸਾਲ ਲਈ | 2400 ਰੁ. |
| 5 ਸਾਲ ਲਈ | 600 ਰੁ. | 5 ਸਾਲ ਲਈ | 4800 ਰੁ. |
| ਲਾਈਫ ਮੈਂਬਰਸ਼ਿਪ | 2400 ਰੁ. | ਲਾਈਫ ਮੈਂਬਰਸ਼ਿਪ | 19200 ਰੁ. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**
ਦਫਤਰ: ਸਿਫਤਿ ਸਾਲਾਹ, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

## ਤਤਕਰਾ

ਸੰਪਾਦਕੀ 4
ਇਬਾਦਤ ਤੋਂ ਸ਼ਹਾਦਤ ਤੱਕ ਦਾ ਸਫ਼ਰ 6
ਜੀਵਨ ਕਥਾ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ 9
ਬਾਬਾ ਮੱਖਣ ਸ਼ਾਹ ਲੁਬਾਣਾ ਜੀ 13
ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ 20
ਵਡਿਆਈਆਂ ਅਤੇ ਬਚਨ 22
ਨੌਵੇਂ ਪਾਤਸ਼ਾਹ ਜੀ ਦੇ ਮੁਖਾਰਬਿੰਦ 'ਚੋਂ
ਆਪਣੇ ਗੁਰਸਿੱਖਾਂ ਅਤੇ ਸੰਗਤਾਂ ਲਈ ਅਨਮੋਲ ਬਚਨ 26
ਗੁਰਸਿੱਖਾਂ ਦੇ ਸਵਾਲ ਤੇ ਸਤਿਗੁਰਾਂ ਦੇ ਜਵਾਬ 27
ਸ਼ਖਸੀਅਤ ਅਤੇ ਪ੍ਰਭਾ 29
ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਰਾਗ-ਵੰਡ 34
ਧੰਨ ਗੁਰੂ, ਧੰਨ ਗੁਰੂ ਪਿਆਰੇ 35
गुरयाई दिवस को समर्पित
धन्य धन्य श्री गुरु तेग बहादुर जी 39
सिक्ख पंथ की आदरणीय स्त्रियों में से
धन्य धन्य माता गुजर कौर जी 44
From- 'Honourable Ladies'
Dhan Dhan Bebe Nanaki Ji 53
How Dhan Dhan Sri Guru Teg Bahadar Ji is Our Saviour Everywhere in the Sky, under the Ground and under Water? 58

ਨੋਟ : ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। -ਸੰਪਾਦਕ

# ਸੰਪਾਦਕੀ...

ਗੁਰੂ ਕੀ ਪਿਆਰੀ ਸਾਧ ਸੰਗਤ ਜੀ,

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਪਿਆਰ, ਵੈਰਾਗ ਤੇ ਅਨੁਰਾਗ ਦੀ ਮੂਰਤ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ 400 ਸਾਲਾ ਪਾਵਨ ਪ੍ਰਕਾਸ਼ ਦਿਹਾੜਾ ਮਨਾਉਣ ਦਾ ਸੁਭਾਗ ਸਮਾਂ ਸਾਨੂੰ ਪ੍ਰਾਪਤ ਹੋ ਰਿਹਾ ਹੈ। ਇਹ ਕੋਈ ਛੋਟੀ ਗੱਲ ਨਹੀਂ, ਗੁਰੂ ਸਾਹਿਬ ਦੀ ਕਿਰਪਾ ਨਾਲ ਸਾਡੇ ਚੰਗੇ ਭਾਗ ਹਨ। ਇੱਕ ਐਸੇ ਗੁਰੂ ਪਿਤਾ ਜਿਨ੍ਹਾਂ ਵਰਗਾ ਨਾ ਕੋਈ ਹੋਇਆ ਹੈ, ਨਾ ਹੋਵੇਗਾ। ਇੱਕ ਐਸੇ ਗੁਰੂ ਪਿਤਾ, ਜਿਨ੍ਹਾਂ ਦੀ ਮਿਸਾਲ ਦੁਨੀਆਂ ਵਿੱਚ ਤਾਂ ਕੀ, ਸਾਰੇ ਬ੍ਰਹਿਮੰਡ ਵਿੱਚ ਕਿਤੇ ਨਹੀਂ ਮਿਲੇਗੀ। ਪ੍ਰਕਾਸ਼ ਤੋਂ ਲੈ ਕੇ ਸ਼ਹਾਦਤ ਤੱਕ ਦਾ ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਸਫਰ, ਦਇਆ ਤੇ ਕਰੁਣਾ ਨਾਲ ਓਤ ਪੋਤ ਹੈ। ਇਹ ਸ਼ਤਾਬਦੀ ਮਨਾਈ ਹੋਈ ਸਾਡੀ ਥਾਂਏਂ ਪੈ ਜਾਵੇਗੀ, ਕਿਤੇ ਗੁਰੂ ਸਾਹਿਬ ਦੇ ਜੀਵਨ ਵਿੱਚੋਂ ਕੋਈ ਕਿਨਕਾ ਮਾਤਰ ਵੀ ਚੱਲਣ ਦਾ ਅਸੀਂ ਯਤਨ ਕਰ ਲਿਆ। ਇਸ ਸ਼ਤਾਬਦੀ ਤੇ ਗੁਰੂ ਸਾਹਿਬ ਦੀ ਕਿਰਪਾ ਨਾਲ ਲੰਗਰ ਵੀ ਲਗਾਈਏ, ਸਜਾਵਟ ਵੀ ਕਰੀਏ, ਨਗਰ ਕੀਰਤਨ ਵੀ ਸਜਾਈਏ ਪਰ ਨਾਲ-ਨਾਲ ਜਿੱਥੇ ਬਾਣੀ ਦਾ ਨੇਮ ਵੀ ਵਧਾਈਏ ਉੱਥੇ ਆਪਣੇ ਜੀਵਨ ਵਿੱਚੋਂ ਆਪਣੇ ਔਗੁਣਾਂ ਨੂੰ ਪਛਾਣ ਕੇ ਉਨ੍ਹਾਂ ਨੂੰ ਜੀਵਨ ਵਿੱਚੋਂ ਕੱਢਣ ਦਾ ਪ੍ਰਣ ਕਰੀਏ। ਕਿਰਪਾ ਤਾਂ ਗੁਰੂ ਸਾਹਿਬ ਨੇ ਵਰਤਾਉਣੀ ਹੈ ਪਰ ਆਪਣੇ ਅੰਦਰ ਇੱਕ ਅਰਦਾਸ ਹੋਵੇ, ਇੱਕ ਤਰਲਾ ਹੋਵੇ, ਹੇ ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਕਿਰਪਾਲੂ ਦਾਤੇ, ਕਿਰਪਾ ਕਰਨੀ, ਆਪ ਜੀ ਦੀ ਸ਼ਤਾਬਦੀ ਮਨਾਉਂਦਿਆਂ ਕਿਤੇ ਸਾਡਾ ਜੀਵਨ ਬਣ ਜਾਵੇ। ਤੇਰੀ ਕਿਰਪਾ ਨਾਲ ਸਾਡੇ ਜੀਵਨ ਵਿੱਚੋਂ ਤੇਰੇ ਗੁਣਾਂ ਦੀ ਖੁਸ਼ਬੂ ਆਵੇ। ਇਹ ਸਭ ਤੋਂ ਵੱਡੀ ਗੱਲ ਹੈ।

ਧੰਨ ਗੁਰੂ ਕਲਗੀਧਰ ਪਿਤਾ ਜੀ ਨੇ ਆਪਣੇ ਮੁਖਾਰਬਿੰਦ ਤੋਂ ਇਹ ਉਚਾਰਨ ਕੀਤਾ ਹੈ **ਤੇਗ ਬਹਾਦਰ ਸਿਮਰੀਐ ਘਰਿ ਨਉ ਨਿਧਿ ਆਵੈ ਧਾਇ॥ ਸਭ ਥਾਈਂ ਹੋਇ ਸਹਾਇ॥** ਇਹ ਤੇ ਸ਼ਤ ਪ੍ਰਤੀਸ਼ਤ ਸੱਚਾਈ ਹੈ ਕਿ ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਹਰ ਥਾਂ ਸਹਾਈ ਹੁੰਦੇ ਹਨ। ਅੰਦਰ ਭਾਵਨਾ ਹੋਵੇ। ਜੁਗਤੀ ਹੋਵੇ। ਜੇ ਕਿਤੇ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦਾ ਬੇੜਾ ਬੰਨੇ ਲਗਾਇਆ ਤੇ ਕੋਈ ਅੱਜ ਵੀ ਭਾਵਨਾ ਨਾਲ ਅਰਦਾਸ ਕਰੇ, ਅੱਜ ਵੀ ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਬੇੜੇ ਬੰਨੇ ਲਗਾਉਂਦੇ ਹਨ। ਜੇ ਮਾਲਵੇ ਗੰਢੂਆਂ ਪਿੰਡ ਭਾਈ ਮੁਗਲੂ ਜੀ ਦਾ ਅੰਤਿਮ ਵੇਲਾ ਸੰਭਾਲਦਿਆਂ ਛੇਵੇਂ ਪਾਤਸ਼ਾਹ ਜੀ ਦਾ ਬਚਨ ਪੂਰਾ ਕੀਤਾ ਤੇ ਅੱਜ ਵੀ ਮੇਰੇ ਪਾਤਸ਼ਾਹ ਜੀ ਸਹਾਈ ਹੋ ਕੇ ਬਾਂਹ ਫੜ੍ਹਦੇ ਹਨ। ਜੇ ਸ਼ਹੀਦੀ ਤੋਂ ਬਾਅਦ ਵੀ ਕਰਨਾਲ ਦੇ ਕੋਲ ਧੋਬੀ ਦੇਵਾ ਰਾਮ ਜੀ ਦੇ ਘਰ ਚਰਨ ਪਾ ਕੇ ਉਨ੍ਹਾਂ ਦੀ ਪ੍ਰੇਮ ਭੇਟਾ ਸਵੀਕਾਰ ਕਰਦੇ ਹਨ ਤੇ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਣੀ ਚਾਹੀਦੀ, ਅੱਜ ਵੀ ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਪ੍ਰੇਮ ਵਿੱਚ ਰੰਗਿਆਂ ਤੇ ਰੀਝਦੇ ਹਨ।

1 ਮਈ, 2021 ਦਾ ਦਿਹਾੜਾ ਕੋਈ ਆਮ ਦਿਹਾੜਾ ਨਹੀਂ। ਇਸ ਦਿਨ ਦਾ ਇੱਕ-ਇੱਕ ਪਲ ਸੰਭਾਲਣ ਵਾਲਾ ਹੈ। ਇਸ ਦਿਨ ਆਪਣੇ ਸਾਰੇ ਦੁਨਿਆਵੀ ਕਾਰਜਾਂ ਨੂੰ ਸੰਕੋਚ ਕੇ ਪਿਤਾ ਜੀ ਦੇ ਗੁਣ ਗਾਉਣੇ ਹਨ। ਇਹ ਦਿਨ ਤਾਂ ਪਿਤਾ ਜੀ ਨਾਲ ਗੱਲਾਂ ਕਰਨ ਵਾਲਾ ਹੈ। ਇਹ ਦਿਨ ਤਾਂ ਪਿਤਾ ਜੀ ਦੇ

ਚਰਨਾਂ ਦੇ ਭਉਰੇ ਬਣਨ ਵਾਲਾ ਹੈ। ਇਹ ਪ੍ਰਕਾਸ਼ ਸ਼ਤਾਬਦੀ ਮਨਾਉਂਦਿਆਂ ਮਨ ਵਿੱਚ ਇਹ ਭਾਵਨਾ ਹੋਵੇ ਕਿ ਜੇ ਧੰਨ ਗੁਰੂ ਤੇਗ ਬਹਾਦਰ ਜੀ ਦੇ ਗੁਣ ਗਾਵਾਂਗੇ ਤੇ ਛੇਵੇਂ ਪਾਤਸ਼ਾਹ ਜੀ ਦੀ ਕਿੰਨੀ ਪ੍ਰਸੰਨਤਾ ਮਿਲੇਗੀ। ਧੰਨ ਮਾਤਾ ਗੁਜਰ ਕੌਰ ਜੀ ਦੀ ਕਿੰਨੀ ਪ੍ਰਸੰਨਤਾ ਮਿਲੇਗੀ ਜਿਨ੍ਹਾਂ ਨੇ ਆਪਣਾ ਆਪ ਆਪਣੇ ਪਤੀ ਦੇ ਚਰਨਾਂ ਵਿੱਚ ਸਮਰਪਿਤ ਕਰ ਦਿੱਤਾ। ਧੰਨ ਗੁਰੂ ਕਲਗੀਧਰ ਪਿਤਾ ਜੀ ਦੀ ਕਿੰਨੀ ਪ੍ਰਸੰਨਤਾ ਮਿਲੇਗੀ ਤੇ ਸਭ ਤੋਂ ਵੱਡੀ ਗੱਲ ਚਾਰ ਸਾਹਿਬਜ਼ਾਦੇ ਤੇ ਉਹ ਗੁਰੂ ਦੇ ਪਿਆਰੇ ਬਾਬਾ ਮੱਖਣ ਸ਼ਾਹ ਲੁਬਾਣਾ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ, ਭਾਈ ਜੈਤਾ ਜੀ, ਭਾਈ ਲੱਖੀ ਸ਼ਾਹ ਵਣਜਾਰਾ ਜੀ ਜਿਹੜੇ ਨੌਵੇਂ ਪਾਤਸ਼ਾਹ ਜੀ ਦੇ ਚਰਨਾਂ ਤੋਂ ਰੀਝ ਗਏ, ਆਪਣਾ ਆਪ ਕੁਰਬਾਨ ਕਰ ਗਏ, ਆਪਣਾ ਸਭ ਕੁਝ ਵਾਰ ਦਿੱਤਾ, ਉਨ੍ਹਾਂ ਦੀ ਕਿੰਨੀ ਪ੍ਰਸੰਨਤਾ ਮਿਲੇਗੀ। ਕਿੰਨੀ ਭਾਵਨਾ ਹੋਵੇਗੀ, ਇਨ੍ਹਾਂ ਪਿਆਰਿਆਂ ਦੀ ਗੁਰੂ ਪਿਤਾ ਜੀ ਪ੍ਰਤੀ।

ਇਸ ਲਈ ਇਸ ਘੜੀ ਦਾ ਇੰਤਜ਼ਾਰ ਕਰਦਿਆਂ ਬਾਣੀ ਦਾ ਹੋਰ ਨੇਮ ਵਧਾਉਣ ਦੇ ਨਾਲ-ਨਾਲ 1 ਮਈ, 2021 ਤੱਕ ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੀ ਬਾਣੀ ਪਾਵਨ ਸਲੋਕ **'ਗੁਨ ਗੋਬਿੰਦ ਗਾਇਓ ਨਹੀ'** ਨੂੰ ਕੰਠ ਕਰਦਿਆਂ ਇਸ ਨੂੰ ਆਪਣੇ ਨੇਮ ਦਾ ਅੰਗ ਬਣਾ ਲਈਏ ਕਿਉਂਕਿ ਇਨ੍ਹਾਂ ਪਾਵਨ ਸਲੋਕਾਂ ਦੀ ਇੱਕ-ਇੱਕ ਪੰਕਤੀ ਵਿੱਚ ਕਿੰਨਾ ਵੈਰਾਗ ਭਰਿਆ ਪਿਆ ਹੈ, ਕਿੰਨੀ ਉਪਰਾਮਤਾ ਜੀਵਨ ਪ੍ਰਤੀ ਭਰੀ ਪਈ ਹੈ ਤੇ ਨਾਲ-ਨਾਲ ਅੰਦਰੋਂ ਆਪਣੇ ਆਪ ਨੂੰ ਚੀਨਦਿਆਂ ਕੋਈ ਨਾ ਕੋਈ ਔਗੁਣ ਜ਼ਰੂਰ ਜੀਵਨ ਵਿੱਚੋਂ ਦੂਰ ਕਰੀਏ। ਤੇ ਜੇ ਹੋ ਸਕੇ ਪਿਤਾ ਜੀ ਦੇ ਦਇਆ ਦੇ ਗੁਣ ਨੂੰ ਧਾਰਨ ਕਰਦਿਆਂ ਆਪਣੀ ਵਿੱਤ ਅਨੁਸਾਰ ਕਿਸੇ ਦੀ ਬਾਂਹ ਫੜੀਏ ਤੇ ਫਿਰ ਇਹ ਸ਼ਤਾਬਦੀ ਮਨਾਈ ਸਾਡੀ ਥਾਏਂ ਪੈ ਜਾਵੇਗੀ।

ਸਿਫਤਿ ਸਾਲਾਹ ਰਸਾਲੇ ਦਾ ਹੱਥਲਾ ਅੰਕ ਨੌਵੇਂ ਪਾਤਸ਼ਾਹ ਜੀ ਦੀ 400 ਸਾਲਾ ਪਾਵਨ ਸ਼ਤਾਬਦੀ ਨੂੰ ਸਮਰਪਿਤ ਕਰਦਿਆਂ ਪਿਤਾ ਜੀ ਦੇ ਜੀਵਨ ਤੇ ਉਨ੍ਹਾਂ ਦੀਆਂ ਵਡਿਆਈਆਂ ਨੂੰ ਸੰਗਤਾਂ ਅੱਗੇ ਰੱਖਣ ਦਾ ਨਿਮਾਣਾ ਜਿਹਾ ਉਪਰਾਲਾ ਕੀਤਾ ਗਿਆ ਹੈ। ਆਪ ਜੀ ਅਸੀਸ ਬਖਸ਼ਣਾ ਤਾਂ ਕਿ ਪੂਰੇ ਗੁਰੂ ਦੇ ਗੁਣਾਂ ਦੀ ਸਾਂਝ ਪੈ ਸਕੇ। ਸਤਿਕਾਰਯੋਗ ਪ੍ਰਿੰਸੀਪਲ ਸਤਿਬੀਰ ਸਿੰਘ ਜੀ, ਭਾਈ ਪਿੰਦਰਪਾਲ ਸਿੰਘ ਜੀ ਤੇ ਹੋਰ ਗੁਰਮੁੱਖ ਪਿਆਰਿਆਂ ਦੀਆਂ ਲਿਖਤਾਂ ਵਿੱਚੋਂ ਨੌਵੇਂ ਪਾਤਸ਼ਾਹ ਜੀ ਦੇ ਗੁਣਾਂ ਦੇ ਖਜ਼ਾਨੇ ਨੂੰ ਇਸ ਰਸਾਲੇ ਵਿੱਚ ਇਕੱਤਰ ਕੀਤਾ ਗਿਆ ਹੈ, ਉਨ੍ਹਾਂ ਦੇ ਵੀ ਸ਼ੁਕਰਾਨੇ।

***ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥***

***—ਸੰਪਾਦਕ***

---

ਅਦਾਰਾ
ਸਿਫਤਿ ਸਾਲਾਹ
ਵੱਲੋਂ :

## ਸ੍ਰਿਸ਼ਟੀ ਦੀ ਚਾਦਰ
## ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਕੋਟਨਿ ਕੋਟਿ ਮੁਬਾਰਕਾਂ ਜੀ।

# ਇਬਾਦਤ ਤੋਂ ਸ਼ਹਾਦਤ ਤੱਕ ਦਾ ਸਫ਼ਰ

## (ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਜੀਵਨ ਤੇ ਸੰਖੇਪ ਝਾਤ)

| | | |
|---|---|---|
| **ਨਾਮ** | : | ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ |
| **ਪਾਤਸ਼ਾਹੀ** | : | ਨੌਂਵੀਂ |
| **ਪ੍ਰਕਾਸ਼ ਦਿਵਸ** | : | 1621 ਈਸਵੀ (ਸੰਮਤ 1678) |
| **ਪ੍ਰਕਾਸ਼ ਅਸਥਾਨ** | : | ਗੁ: ਗੁਰੂ ਕੇ ਮਹਿਲ, (ਸ੍ਰੀ ਭੋਰਾ ਸਾਹਿਬ), ਸ੍ਰੀ ਅੰਮ੍ਰਿਤਸਰ ਸਾਹਿਬ |
| **ਪਿਤਾ ਜੀ ਦਾ ਨਾਂ** | : | ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ |
| **ਮਾਤਾ ਜੀ ਦਾ ਨਾਂ** | : | ਧੰਨ ਧੰਨ ਮਾਤਾ ਨਾਨਕੀ ਜੀ |
| **ਸੁਪਤਨੀ ਜੀ ਦਾ ਨਾਂ** | : | ਧੰਨ ਧੰਨ ਮਾਤਾ ਗੁਜਰ ਕੌਰ ਜੀ |
| **ਸੰਤਾਨ** | : | ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ |
| **ਪੋਤਰੇ** | : | ਧੰਨ ਧੰਨ ਬਾਬਾ ਅਜੀਤ ਸਿੰਘ ਜੀ, ਧੰਨ ਧੰਨ ਬਾਬਾ ਜੁਝਾਰ ਸਿੰਘ ਜੀ, ਧੰਨ ਧੰਨ ਬਾਬਾ ਜ਼ੋਰਾਵਰ ਸਿੰਘ ਜੀ, ਧੰਨ ਧੰਨ ਬਾਬਾ ਫਤਹਿ ਸਿੰਘ ਜੀ |
| **ਭਰਾ** | : | ਬਾਬਾ ਗੁਰਦਿੱਤਾ ਜੀ, ਬਾਬਾ ਅਟੱਲ ਰਾਏ ਜੀ, ਬਾਬਾ ਅਣੀ ਰਾਏ ਜੀ, ਬਾਬਾ ਸੂਰਜ ਮੱਲ ਜੀ |
| **ਭੈਣ** | : | ਬੀਬੀ ਵੀਰੋ ਜੀ |
| **ਭਾਣਜੇ** | : | ਭਾਈ ਸੰਗੋ ਸ਼ਾਹ ਜੀ, ਭਾਈ ਜੀਤ ਮੱਲ ਜੀ, ਭਾਈ ਗੁਲਾਬ ਚੰਦ ਜੀ, ਭਾਈ ਮਾਹਰੀ ਚੰਦ ਜੀ, ਭਾਈ ਗੰਗਾ ਰਾਮ ਜੀ |
| **ਪੜਦਾਦਕੇ** | : | **ਪੜਦਾਦਾ ਜੀ**- ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ<br>**ਪੜਦਾਦੀ ਜੀ**- ਧੰਨ ਧੰਨ ਮਾਤਾ ਭਾਨੀ ਜੀ |
| **ਦਾਦਕੇ** | : | **ਦਾਦਾ ਜੀ**- ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ<br>**ਦਾਦੀ ਜੀ**- ਧੰਨ ਧੰਨ ਮਾਤਾ ਗੰਗਾ ਜੀ |

| | | |
|---|---|---|
| **ਨਾਨਕੇ** | : | ਭਾਈ ਹਰੀ ਚੰਦ ਜੀ ਅਤੇ ਮਾਤਾ ਹਰਦਈ ਜੀ (ਧੰਨ ਮਾਤਾ ਨਾਨਕੀ ਜੀ ਦੇ ਮਾਤਾ-ਪਿਤਾ ਜੀ ਪਿੰਡ ਬਕਾਲੇ ਨਿਵਾਸ ਕਰਦੇ ਸਨ) |
| **ਸੱਸ/ਸਹੁਰਾ** | : | ਸਹੁਰਾ- ਭਾਈ ਲਾਲ ਚੰਦ ਜੀ, ਸੱਸ- ਮਾਤਾ ਬਿਸ਼ਨ ਕੌਰ ਜੀ |
| **ਸਹੁਰਾ ਪਰਿਵਾਰ ਦਾ ਨਿਵਾਸ ਅਸਥਾਨ** | : | ਪਹਿਲਾਂ ਲਖਨੌਰ (ਜ਼ਿਲ੍ਹਾ ਅੰਬਾਲਾ) ਤੇ ਫਿਰ ਕਰਤਾਰਪੁਰ (ਜ਼ਿਲ੍ਹਾ ਜਲੰਧਰ) |
| **ਵਿਆਹ ਅਸਥਾਨ** | : | ਕਰਤਾਰਪੁਰ (ਜ਼ਿਲ੍ਹਾ ਜਲੰਧਰ) |
| **ਗੁਰਿਆਈ ਦਿਵਸ** | : | 1665 ਈਸਵੀ (ਬਾਬਾ ਬੁੱਢਾ ਸਾਹਿਬ ਜੀ ਦੀ ਅੰਸ ਬੰਸ ਵਿੱਚੋਂ ਭਾਈ ਗੁਰਦਿੱਤਾ ਜੀ ਨੇ ਗੁਰਿਆਈ ਤਿਲਕ ਲਗਾਇਆ) |
| **ਗੁਰਿਆਈ ਅਸਥਾਨ** | : | ਬਾਬਾ ਬਕਾਲਾ |
| **ਗੁਰਿਆਈ ਸਮਾਂ** | : | ਤਕਰੀਬਨ ਗਿਆਰ੍ਹਾਂ ਸਾਲ (1665 ਤੋਂ 1675 ਤੱਕ) |
| **ਧੰਨ ਗੁਰੂ ਤੇਗ ਬਹਾਦਰ ਜੀ ਦੇ ਹਜ਼ੂਰੀ ਕੀਰਤਨੀਏ** | : | ਭਾਈ ਗੁਲਾਬ ਰਾਇ ਜੀ, ਭਾਈ ਰਾਜਾ ਜੀ, ਭਾਈ ਬਹਿਲ ਜੀ, ਭਾਈ ਮਨਸੂਦ ਜੀ, ਭਾਈ ਹਰਬੰਸ ਜੀ |
| **ਕੁੱਲ ਦੁਨਿਆਵੀ ਉਮਰ** | : | 54 ਸਾਲ |
| **ਸ਼ਹੀਦੀ ਦਿਵਸ** | : | 1675 ਈਸਵੀ |
| **ਸ਼ਹੀਦੀ ਅਸਥਾਨ** | : | ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ, ਚਾਂਦਨੀ ਚੌਂਕ, ਦਿੱਲੀ (ਉਹ ਪਾਵਨ ਖੂਹ ਇਸ ਗੁਰਦੁਆਰਾ ਸਾਹਿਬ ਵਿੱਚ ਅੱਜ ਵੀ ਸੁਭਾਇਮਾਨ ਹੈ, ਜਿਸ ਵਿੱਚੋਂ ਜਲ ਲੈ ਕੇ ਗੁਰੂ ਸਾਹਿਬ ਨੇ ਸ਼ਹੀਦੀ ਤੋਂ ਪਹਿਲਾਂ ਇਸ਼ਨਾਨ ਕੀਤਾ) |
| **ਸਸਕਾਰ ਅਸਥਾਨ** | : | ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ, ਸ੍ਰੀ ਅਨੰਦਪੁਰ ਸਾਹਿਬ (ਪਾਵਨ ਸੀਸ ਦਾ ਸਸਕਾਰ ਅਸਥਾਨ)<br>ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ, ਦਿੱਲੀ (ਪਾਵਨ ਧੜ ਦਾ ਸਸਕਾਰ ਅਸਥਾਨ) |
| **ਨਗਰ ਵਸਾਇਆ** | : | ਸ੍ਰੀ ਅਨੰਦਪੁਰ ਸਾਹਿਬ (21 ਹਾੜ 1722 ਭਾਵ 19 ਜੂਨ, 1665 ਨੂੰ ਭਾਈ ਗੁਰਦਿੱਤਾ ਜੀ ਤੋਂ ਨੀਂਹ ਰਖਵਾਈ ਤੇ ਨਾਂ ਚੱਕ ਨਾਨਕੀ ਰੱਖਿਆ ਤੇ ਜਦੋਂ ਦਸਵੇਂ ਪਾਤਸ਼ਾਹ ਜੀ ਪਟਨਾ ਸਾਹਿਬ ਤੋਂ ਇੱਥੇ ਆਏ ਆ ਕੇ ਅਨੰਦੁ ਸਾਹਿਬ |

ਦਾ ਪਾਠ ਸੁਣਾਇਆ ਤੇ ਨਾਂ ਸ੍ਰੀ ਅਨੰਦਪੁਰ ਸਾਹਿਬ ਰੱਖਿਆ)

**ਚੌਣਵੇਂ ਪਿਆਰੇ ਸਿੱਖ** : ਧੰਨ ਬਾਬਾ ਮੱਖਣ ਸ਼ਾਹ ਲੁਬਾਣਾ ਜੀ, ਧੰਨ ਭਾਈ ਦਰਗਾਹ ਮੱਲ ਜੀ, ਧੰਨ ਭਾਈ ਮਤੀ ਦਾਸ ਜੀ, ਧੰਨ ਭਾਈ ਸਤੀ ਦਾਸ ਜੀ, ਧੰਨ ਭਾਈ ਦਿਆਲਾ ਜੀ, ਧੰਨ ਭਾਈ ਜੈਤਾ ਜੀ, ਧੰਨ ਬਾਬਾ ਲੱਖੀ ਸ਼ਾਹ ਵਣਜਾਰਾ ਜੀ, ਧੰਨ ਭਾਈ ਉਦੈ ਸਿੰਘ ਜੀ, ਧੰਨ ਭਾਈ ਗੁਰਦਿੱਤਾ ਜੀ, ਧੰਨ ਭਾਈ ਘਨੱਈਆ ਜੀ, ਧੰਨ ਭਾਈ ਮੀਹਾਂ ਜੀ, ਧੰਨ ਚਾਚਾ ਫੱਗੂ ਮੱਲ ਜੀ

**ਰਚੀ ਪਾਵਨ ਬਾਣੀ** : 59 ਸ਼ਬਦ ਅਤੇ 57 ਸਲੋਕ (ਜੈਜਾਵੰਤੀ ਰਾਗ ਵਿੱਚ ਵੀ ਬਾਣੀ ਰਚੀ)

**ਪਾਵਨ ਨਗਰ ਜਿੱਥੇ ਨੌਵੇਂ ਪਾਤਸ਼ਾਹ ਜੀ ਕਾਫੀ ਸਮਾਂ ਰਹੇ :**

| | |
|---|---|
| 1. ਸ੍ਰੀ ਅੰਮ੍ਰਿਤਸਰ ਸਾਹਿਬ | 2. ਬਾਬਾ ਬਕਾਲਾ ਸਾਹਿਬ |
| 3. ਸ੍ਰੀ ਅਨੰਦਪੁਰ ਸਾਹਿਬ | 4. ਸ੍ਰੀ ਪਟਨਾ ਸਾਹਿਬ |
| 5. ਅਸਾਮ | 6. ਆਗਰਾ |
| 7. ਦਿੱਲੀ | 8. ਪੰਜਾਬ ਦਾ ਮਾਲਵਾ ਇਲਾਕਾ |

**ਸ਼ਹੀਦੀ ਤੋਂ ਬਾਅਦ ਦੇ ਇਤਿਹਾਸਿਕ ਸਫ਼ਰ ਦੇ ਪੜਾਅ :**

1. ਚਾਂਦਨੀ ਚੌਂਕ ਤੋਂ ਭਾਈ ਜੈਤਾ ਜੀ ਦਾ ਪਹਿਲਾ ਪੜਾਅ- ਬਾਗਪਟ (ਯੂ.ਪੀ.) ਵਿਖੇ ਸੂਫੀ ਫ਼ਕੀਰ ਸ਼ੇਖ ਹਜ਼ਰਤ ਵਾਉ ਦੀਨ ਅਤੇ ਹਿੰਦੂ ਵੀਰ ਭਾਈ ਕ੍ਰਿਸ਼ਨ ਪਾਲ ਜੀ।
2. ਦੂਜਾ ਪੜਾਅ- ਧੋਬੀ ਦੇਵਾ ਰਾਮ ਜੀ ਦੇ ਘਰ ਤਰਾਵੜੀ (ਕਰਨਾਲ) ਵਿਖੇ- ਗੁ: ਸ੍ਰੀ ਸੀਸ ਗੰਜ ਸਾਹਿਬ (ਤਰਾਵੜੀ)
3. ਤੀਜਾ ਪੜਾਅ- ਭਾਈ ਰਾਮ ਦੇਵ ਜੀ ਅਤੇ ਮਿਹਰ ਧੂਮੀਆ ਜੀ ਦੇ ਘਰ ਕੈਂਥ ਮਾਜਰੀ (ਅੰਬਾਲਾ) ਵਿਖੇ- ਗੁ: ਸ੍ਰੀ ਸੀਸ ਗੰਜ ਸਾਹਿਬ (ਅੰਬਾਲਾ)
4. ਚੌਥਾ ਪੜਾਅ- ਮੁਸਲਮਾਨ ਫ਼ਕੀਰ ਦਰਗਾਹੀ ਸ਼ਾਹ ਕੋਲ ਜ਼ੀਰਕਪੁਰ ਵਿਖੇ- ਗੁ: ਸ੍ਰੀ ਨਾਭਾ ਸਾਹਿਬ (ਜ਼ੀਰਕਪੁਰ)
5. ਪੰਜਵਾਂ ਪੜਾਅ- ਸ੍ਰੀ ਕੀਰਤਪੁਰ ਸਾਹਿਬ (ਗੁ: ਸ੍ਰੀ ਬਿਬਾਨਗੜ੍ਹ ਸਾਹਿਬ)
6. ਪਾਵਨ ਸੀਸ ਦਾ ਸਸਕਾਰ- ਗੁ: ਸ੍ਰੀ ਸੀਸ ਗੰਜ ਸਾਹਿਬ (ਸ੍ਰੀ ਅਨੰਦਪੁਰ ਸਾਹਿਬ)
7. ਪਾਵਨ ਧੜ ਦਾ ਸਸਕਾਰ- ਗੁ: ਸ੍ਰੀ ਰਕਾਬ ਗੰਜ ਸਾਹਿਬ (ਦਿੱਲੀ)

# ਜੀਵਨ ਕਥਾ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ

*—ਭਾਈ ਪਿੰਦਰਪਾਲ ਸਿੰਘ ਜੀ ਦੀ ਪੁਸਤਕ ਜੀਵਨ ਕਥਾ ਅਤੇ ਸ਼ਹਾਦਤ ਵਿੱਚੋਂ*

ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਕ੍ਰਿਪਾਲੂ ਜੀ ਦੇ ਸੰਬੰਧ ਵਿੱਚ ਸਭ ਤੋਂ ਪਹਿਲਾਂ ਇਤਿਹਾਸ ਨੂੰ ਪੜ੍ਹਦਿਆਂ ਸਾਨੂੰ ਇਹ ਦੇਖਣਾ ਪਵੇਗਾ ਕਿ ਉਹ ਕਿਹੜੀ ਪਾਵਨ ਧਰਤੀ ਹੈ, ਜਿਸ ਦੇ ਉੱਪਰ ਸਤਿਗੁਰੂ ਜੀ ਦਾ ਅਵਤਾਰ ਹੋਇਆ। ਕੌਣ ਮਾਤਾ-ਪਿਤਾ ਹਨ, ਜਿਨ੍ਹਾਂ ਦੇ ਘਰ ਸਮਰੱਥ ਸਤਿਗੁਰੂ ਜੀ ਆਏ ਤੇ ਫਿਰ ਉਹ ਕਿਹੜੇ-ਕਿਹੜੇ ਸਿੱਖ ਹਨ, ਕਿਹੜੇ-ਕਿਹੜੇ ਜੀਵ ਹਨ, ਜਿੰਨ੍ਹਾਂ ਨੇ ਸਮਰੱਥ ਗੁਰੂ ਜੀ ਦੇ ਦਰਸ਼ਨ ਕੀਤੇ ਤੇ ਉਨ੍ਹਾਂ ਨੂੰ ਅੰਦਰ ਟਿਕਾਅ ਮਿਲਿਆ। ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਸਤਿਗੁਰੂ ਜੀ ਨੇ ਫ਼ਰਮਾਇਆ ਹੈ:

*ਮ: ੪ ॥*
*ਸਾ ਧਰਤੀ ਭਈ ਹਰੀਆਵਲੀ*
*ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥*
*ਸੇ ਜੰਤ ਭਏ ਹਰੀਆਵਲੇ*
*ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ ॥*

*(ਅੰਗ ੩੧੦)*

ਧਰਤੀ ਹਰੀਆਵਲੀ ਦਾ ਅਰਥ ਹੈ ਭਾਗਾਂ ਵਾਲੀ ਹੋ ਗਈ। ਉੱਥੇ ਰੂਹਾਨੀਅਤ ਦੀਆਂ ਤਰੰਗਾਂ ਉੱਠ ਖਲੋਤੀਆਂ।

*ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ*
*ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ ॥*
*ਧਨੁ ਧੰਨੁ ਗੁਰੂ ਜਿਨਿ ਨਾਮੁ ਅਰਾਧਿਆ*
*ਆਪਿ ਤਰਿਆ ਜਿਨੀ ਡਿਠਾ ਤਿਨਾ ਲਏ ਛਡਾਇ ॥*

*(ਅੰਗ ੩੧੦)*

ਉਹ ਧਰਤੀ ਕਿਹੜੀ ਹੈ ਜਿੱਥੇ ਧੰਨ ਗੁਰੂ ਤੇਗ ਬਹਾਦਰ ਸਾਹਿਬ ਆਏ। ਉਹ ਮਾਤਾ-ਪਿਤਾ ਕੌਣ ਹਨ, ਜਿਨ੍ਹਾਂ ਦੇ ਗ੍ਰਹਿ ਵਿਖੇ ਭਾਗ ਲਗਾਇਆ। ਸਭ ਤੋਂ ਪਹਿਲਾਂ ਅਰੰਭ ਵਿੱਚ ਅਰਜ਼ ਕਰਨੀ ਚਾਹੁੰਦਾ ਹਾਂ ਕਿ ਉਹ ਧਰਤੀ ਹੈ ਜਿਸਨੂੰ ਆਪਾਂ ਗੁਰੂ ਕੀ ਨਗਰੀ ਕਹਿੰਦੇ ਹਾਂ, ਜਿਸ ਨੂੰ ਅੱਜ ਸ੍ਰੀ ਅੰਮ੍ਰਿਤਸਰ ਸਾਹਿਬ ਕਹਿੰਦੇ ਹਾਂ ਤੇ ਧੰਨ ਗੁਰੂ ਰਾਮਦਾਸ ਜੀ ਦਾ ਪਾਵਨ ਅਸਥਾਨ ਉੱਥੇ ਹੈ, ਉਸ ਧਰਤੀ ਦੇ ਸੰਬੰਧ ਵਿੱਚ ਤਾਂ ਧੰਨ ਗੁਰੂ ਅਰਜਨ ਸਾਹਿਬ ਪਹਿਲਾਂ ਹੀ ਆਪਣੀ ਰਸਨਾ ਤੋਂ ਇਹ ਬਚਨ ਕਰਕੇ ਗਏ ਹਨ:

*ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥*
*ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥*
*ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ ॥*
*ਹਰਿਹਾਂ ਨਾਨਕ ਕਸਮਲ ਜਾਹਿ*
*ਨਾਇਐ ਰਾਮਦਾਸ ਸਰ ॥੧੦॥*

*(ਅੰਗ ੧੩੬੨)*

ਇਹ ਧਰਤੀ ਜਿਸ ਨੂੰ ਪਹਿਲਾਂ ਗੁਰੂ ਕਾ ਚੱਕ ਕਿਹਾ ਗਿਆ। ਸਮੇਂ ਦੇ ਨਾਲ ਇਸਨੂੰ ਚੱਕ ਗੁਰੂ ਕਾ ਵੀ ਕਿਹਾ ਗਿਆ। ਫਿਰ ਇਸ ਧਰਤੀ ਨੂੰ ਸੁਧਾਸਰ ਕਹਿਣ ਲੱਗੇ, ਪਰ ਅੱਜ ਇਸ ਧਰਤੀ ਦਾ ਨਾਮ ਅੰਮ੍ਰਿਤਸਰ ਲੈਂਦੇ ਹਾਂ। ਅੰਮ੍ਰਿਤਸਰ ਸਾਹਿਬ ਜੀ ਦੀ ਇਸ ਨਗਰੀ ਦੇ ਵਿੱਚ ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗ੍ਰਹਿ ਵਿਖੇ, ਮਾਤਾ ਨਾਨਕੀ ਜੀ ਦੀ ਕੁੱਖੋਂ ਅਪ੍ਰੈਲ ਸੰਨ 1621 ਨੂੰ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਕ੍ਰਿਪਾਲੂ ਜੀ ਦਾ ਅੰਮ੍ਰਿਤ ਵੇਲੇ ਆਗਮਨ ਹੋਇਆ ਹੈ। ਕਿਉਂਕਿ ਜਿੱਥੇ ਅਸੀਂ ਬਾਣੀ ਦੀ ਗੱਲ

ਕਰਨੀ ਹੈ, ਉੱਥੇ ਸਾਨੂੰ ਆਪਣੇ ਗੁਰੂ ਦੇ ਇਤਿਹਾਸ, ਗੁਰੂ ਬਾਬਿਆਂ ਦੀਆਂ ਸਾਖੀਆਂ ਤੋਂ ਜਾਣੂੰ ਹੋਣਾ ਅਤਿ ਜ਼ਰੂਰੀ ਹੈ। ਅਪ੍ਰੈਲ 1621 ਨੂੰ ਅੰਮ੍ਰਿਤ ਵੇਲੇ ਧੰਨ ਗੁਰੂ ਹਰਿਗੋਬਿੰਦ ਸਾਹਿਬ ਸੱਚੇ ਪਾਤਸ਼ਾਹ ਜੀ, ਸ੍ਰੀ ਹਰਿਮੰਦਰ ਸਾਹਿਬ ਆਸਾ ਦੀ ਵਾਰ ਦਾ ਕੀਰਤਨ ਸਰਵਨ ਕਰ ਰਹੇ ਸਨ। ਉਸ ਵੇਲੇ ਘਰੋਂ ਇੱਕ ਸੇਵਾਦਾਰ ਗਿਆ ਤੇ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਜਾ ਕੇ ਬੇਨਤੀ ਕੀਤੀ, ਸੱਚੇ ਪਾਤਸ਼ਾਹ ਜੀ! ਆਪ ਜੀ ਦੇ ਗ੍ਰਿਹਿ ਵਿਖੇ, ਪੰਜਵੇਂ ਸਪੁੱਤਰ ਨੇ ਅੱਜ ਜਨਮ ਲਿਆ ਹੈ। ਧੰਨ ਗੁਰੂ ਤੇਗ ਬਹਾਦਰ ਜੀ ਤੋਂ ਪਹਿਲਾਂ, ਧੰਨ ਗੁਰੂ ਹਰਿਗੋਬਿੰਦ ਸਾਹਿਬ ਦੇ ਗ੍ਰਿਹਿ ਵਿਖੇ ਚਾਰ ਸਪੁੱਤਰ ਤੇ ਇੱਕ ਸਪੁੱਤਰੀ ਹੈ। ਸਭ ਤੋਂ ਵੱਡੇ ਸਪੁੱਤਰ ਹਨ ਬਾਬਾ ਗੁਰਦਿੱਤਾ ਜੀ, ਉਨ੍ਹਾਂ ਤੋਂ ਅੱਗੇ ਬਾਬਾ ਅਟੱਲ ਰਾਏ ਜੀ, ਬਾਬਾ ਅਣੀ ਰਾਏ ਜੀ, ਬਾਬਾ ਸੂਰਜ ਮੱਲ ਜੀ ਤੇ ਇੱਕ ਸਪੁੱਤਰੀ ਹੈ ਬੀਬੀ ਵੀਰੋ ਜੀ। ਜਦੋਂ ਪੰਜਵੇਂ ਸਪੁੱਤਰ ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਆਮਦ ਬਾਰੇ ਸੇਵਾਦਾਰ ਨੇ ਬੇਨਤੀ ਕੀਤੀ ਤਾਂ ਸਾਹਿਬ ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸੰਪੂਰਨ ਆਸਾ ਦੀ ਵਾਰ ਦਾ ਕੀਰਤਨ ਸਰਵਨ ਕੀਤਾ। ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਅਰਦਾਸ ਹੋਈ। ਧੰਨ ਗੁਰੂ ਹਰਿਗੋਬਿੰਦ ਸਾਹਿਬ ਆਪਣੇ ਮਹੱਲਾਂ ਨੂੰ ਗਏ ਜਿੱਥੇ ਧੰਨ ਗੁਰੂ ਤੇਗ ਬਹਾਦਰ ਜੀ ਦੀ ਆਮਦ ਹੋਈ, ਉਸ ਨੂੰ ਅੱਜ ਅਸੀਂ ਕਹਿੰਦੇ ਹਾਂ ਗੁਰਦੁਆਰਾ ਗੁਰੂ ਕਾ ਮਹਿਲ ਸਾਹਿਬ। ਗੁਰੂ ਸਾਹਿਬ ਇਕੱਲੇ ਨਹੀਂ, ਨਾਲ ਸਤਿਕਾਰਯੋਗ ਬਾਬਾ ਬੁੱਢਾ ਸਾਹਿਬ ਜੀ, ਭਾਈ ਗੁਰਦਾਸ ਜੀ ਅਤੇ ਭਾਈ ਬਿਧੀ ਚੰਦ ਜੀ ਵੀ ਗਏ। ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰੂ ਤੇਗ ਬਹਾਦਰ ਕ੍ਰਿਪਾਲੂ ਜੀ ਨੂੰ ਜਨਮ ਤੋਂ ਕੁਝ ਸਮਾਂ ਬਾਅਦ ਹੀ ਆਪਣੀ ਗੋਦ ਵਿੱਚ ਲਿਆ ਤੇ ਇੱਥੇ ਇਤਿਹਾਸਕਾਰਾਂ ਨੇ ਇੱਕ ਬਹੁਤ ਸੋਹਣੀ ਗੱਲ ਕਹੀ ਹੈ। ਕਹਿੰਦੇ ਹਨ ਕਿ ਜਦੋਂ ਸਤਿਗੁਰੂ ਗੁਰੂ ਤੇਗ ਬਹਾਦਰ ਜੀ ਨੂੰ ਸਾਹਿਬ ਨੇ ਆਪਣੀ ਗੋਦ ਵਿੱਚ ਲਿਆ ਤਾਂ ਉਸ ਵੇਲੇ ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਪੁੱਤਰ ਦੇ ਤਨ ਨੂੰ ਦੇਖ ਕੇ, ਸਰੀਰ ਨੂੰ ਦੇਖ ਕੇ ਆਪਣਾ ਥੋੜ੍ਹਾ ਜਿਹਾ ਸੀਸ ਝੁਕਾ ਦਿੱਤਾ ਸੀ। ਇਤਿਹਾਸ ਦੇ ਬਚਨ ਹਨ ਕਿ ਸੀਸ ਝੁਕਾਇਆ ਅਤੇ ਭਾਈ ਬਿਧੀ ਚੰਦ ਜੀ ਨੇ ਉੱਥੇ ਨਾਲ ਹੀ ਪ੍ਰਸ਼ਨ ਕਰ ਦਿੱਤਾ ਕਿ ਸੱਚੇ ਪਾਤਸ਼ਾਹ ਜੀ! ਆਪ ਜੀ ਦੇ ਘਰ ਪਹਿਲੇ ਚਾਰ ਸਪੁੱਤਰ ਹਨ, ਪਰ ਇਹ ਜਿਹੜਾ ਸਭ ਤੋਂ ਛੋਟਾ ਸਪੁੱਤਰ ਆਇਆ ਹੈ, ਇਸ ਦੇ ਆਮਦ ਦੀ ਖ਼ੁਸ਼ੀ ਵਿੱਚ ਇੱਕ ਤਾਂ ਆਪਣੀ ਗੋਦ ਵਿੱਚ ਤੁਸੀਂ ਲਿਆ ਹੈ ਅਤੇ ਦੂਸਰਾ ਤੁਸੀਂ ਇਸ ਦੇ ਚਰਨਾਂ ਨੂੰ ਜਾਂ ਇਸਦੇ ਪਵਿੱਤਰ ਸਰੀਰ ਨੂੰ ਦੇਖ ਕੇ ਆਪ ਨੇ ਸੀਸ ਕਿਉਂ ਥੋੜ੍ਹਾ ਜਿਹਾ ਝੁਕਾ ਦਿੱਤਾ?

ਹੁਣ ਇੱਥੇ ਇੱਕ ਗੱਲ ਚੇਤੇ ਰੱਖਿਓ। ਅਸੀਂ ਇਸ ਨੂੰ ਤਾਰਿਕ ਬਿਰਤੀ ਨਾਲ ਨਹੀਂ ਲੈਣਾ ਕਿ ਧੰਨ ਗੁਰੂ ਹਰਿਗੋਬਿੰਦ ਸਾਹਿਬ ਪਿਤਾ ਹਨ ਤੇ ਗੁਰੂ ਤੇਗ ਬਹਾਦਰ ਜੀ ਸਪੁੱਤਰ ਹਨ। ਦੇਖੋ ਗੁਰੂ ਤੇਗ ਬਹਾਦਰ ਜੀ ਨੂੰ ਬਹੁਤ ਪਿਆਰ ਦਿੱਤਾ ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਤੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਨੂੰ ਜਦੋਂ ਵੀ ਗੁਰੂ ਸਾਹਿਬ ਬੁਲਾਉਂਦੇ ਸਨ ਤਾਂ ਕਦੀ ਇਕੱਲਾ ਗੁਰਦਿੱਤਾ ਸ਼ਬਦ ਨਹੀਂ ਸੀ ਵਰਤਦੇ, ਸ਼ਬਦ ਵਰਤਦੇ ਸਨ, ਬਾਬਾ ਗੁਰਦਿੱਤਾ ਜੀ। ਬਾਬਾ ਸ਼ਬਦ ਕਿਉਂ ਵਰਤਿਆ ਜਾਂਦਾ? ਕੀ ਬਾਬਾ ਅਟੱਲ ਨਹੀਂ? ਬਾਬਾ ਗੁਰਦਿੱਤਾ ਜੀ ਨੂੰ ਇੰਨੇ ਪਿਆਰੇ ਸ਼ਬਦ, ਇਸਦਾ ਕੋਈ ਕਾਰਨ ਸੀ। ਜਦੋਂ ਪੁੱਛਿਆ ਮਹਾਰਾਜ ਜੀ! ਇਸ ਸਪੁੱਤਰ ਲਈ ਬਾਬਾ ਸ਼ਬਦ ਕਿਉਂ? ਕਿਉਂਕਿ ਬਾਬਾ ਗੁਰਦਿੱਤਾ ਜੀ ਉਹ ਮਹਾਨ ਹਸਤੀ ਹਨ, ਜਿਨ੍ਹਾਂ ਦੇ ਘਰ ਵਿਖੇ ਧੰਨ ਗੁਰੂ ਨਾਨਕ ਜੀ ਦੀ ਜੋਤ ਦੇ ਸੱਤਵੇਂ ਮਾਲਕ, ਧੰਨ ਗੁਰੂ ਹਰਿਰਾਇ ਸਾਹਿਬ ਨੇ ਆਪਣਾ ਅਵਤਾਰ ਲੈਣਾ ਹੈ। ਜਿਸ ਦੇ ਘਰ ਵਿੱਚ ਗੁਰੂ ਜੀ ਨੇ ਆਉਣਾ ਹੈ, ਉਹਦੇ ਪਿਤਾ ਦਾ ਅਦਬ ਸੀ। ਭਾਵੇਂ ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਪੁੱਤਰ ਹਨ,

ਬਾਬਾ ਗੁਰਦਿੱਤਾ ਜੀ ਪਰ ਨਾਲ ਸ਼ਬਦ ਵਰਤਦੇ ਸਨ ਬਾਬਾ ਗੁਰਦਿੱਤਾ ਜੀ। ਧੰਨ ਗੁਰੂ ਤੇਗ ਬਹਾਦਰ ਜੀ ਨੂੰ ਜਦੋਂ ਇਹ ਸਤਿਕਾਰ ਦਿੱਤਾ ਗਿਆ ਤਾਂ ਭਾਈ ਬਿਧੀ ਚੰਦ ਜੀ ਨੇ ਪੁੱਛ ਲਿਆ ਕਿ ਇਸ ਸਪੁੱਤਰ ਲਈ ਏਨੀ ਇੱਜ਼ਤ, ਏਨਾ ਸਤਿਕਾਰ ਕਿਉਂ? ਤਾਂ ਗੁਰੂ ਸਾਹਿਬ ਜੀ ਨੇ ਦੋ ਸ਼ਬਦ ਕਹੇ ਸਨ, ਧੰਨ ਗੁਰੂ ਤੇਗ ਬਹਾਦਰ ਜੀ ਲਈ। ਕਹਿਣ ਲੱਗੇ, "ਬਿਧੀ ਚੰਦ ਜੀ! ਇਹ ਮੇਰਾ ਪੁੱਤਰ ਗਰੀਬਾਂ ਲਈ ਰਖਸ਼ਕ ਹੋਵੇਗਾ। ਇਹ ਮੇਰਾ ਪੁੱਤਰ ਸੰਸਾਰ ਵਿੱਚ ਲੋਕਾਂ ਦੀ ਪੱਤ ਢੱਕੇਗਾ ਤੇ ਨਾਲ ਇਹ ਬਚਨ ਕੀਤਾ ਸੀ ਕਿ ਜਦੋਂ ਵੀ ਕਿਸੇ 'ਤੇ ਅਤਿ ਦੀ ਮੁਸੀਬਤ ਪਏਗੀ ਤਾਂ ਮੇਰਾ ਇਹ ਪੁੱਤਰ ਮੁਸੀਬਤਾਂ ਵਿੱਚ ਫਸਿਆ ਹੋਇਆਂ ਦੇ ਮੁਸੀਬਤਾਂ ਦੇ ਬੰਧਨ ਕੱਟ ਦੇਵੇਗਾ। ਇਸ ਲਈ ਇਸਦਾ ਅਦਬ ਕੀਤਾ ਹੈ।

ਕੁਝ ਸੱਜਣ ਕਹਿੰਦੇ ਹਨ ਕਿ ਬਚਪਨ ਵਿੱਚ ਨਾਂ ਰੱਖਿਆ ਸੀ ਤਿਆਗ ਮੱਲ ਪਰ ਜਦੋਂ ਕਰਤਾਰਪੁਰ ਦੀ ਧਰਤੀ 'ਤੇ ਤੇਗ ਚਲਾਈ ਤੇ ਮੈਦਾਨੇ ਜੰਗ ਵਿੱਚ ਜੂਝੇ ਤਾਂ ਤਿਆਗ ਮੱਲ ਤੋਂ ਤੇਗ ਬਹਾਦਰ ਜੀ ਨਾਮ ਰੱਖ ਦਿੱਤਾ ਪਰ ਹਕੀਕਤ ਹੈ ਕਿ ਧੰਨ ਗੁਰੂ ਤੇਗ ਬਹਾਦਰ ਜੀ ਦਾ ਨਾਮ ਧੰਨ ਗੁਰੂ ਹਰਿਗੋਬਿੰਦ ਸਾਹਿਬ ਕ੍ਰਿਪਾਲੂ ਜੀ ਨੇ ਜਨਮ ਤੋਂ ਬਾਅਦ ਅੰਮ੍ਰਿਤਸਰ ਦੀ ਧਰਤੀ ਦੇ ਉੱਪਰ ਹੀ, ਤੇਗ ਬਹਾਦਰ ਰੱਖ ਦਿੱਤਾ ਸੀ। ਭਾਈ ਗੁਰਦਾਸ ਜੀ ਨੇ ਦਰਸ਼ਨ ਕੀਤੇ। ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਸੀਸਾਂ ਦਿੱਤੀਆਂ। ਉਸ ਸਮੇਂ ਬਾਬਾ ਬੁੱਢਾ ਸਾਹਿਬ ਜੀ ਦੀ ਉਮਰ 115 ਸਾਲ ਦੀ ਹੋ ਚੁੱਕੀ ਸੀ। ਬਾਬਾ ਬੁੱਢਾ ਸਾਹਿਬ ਜੀ ਨੇ ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ, ਬਾਲ ਉਮਰ ਵਿੱਚ ਦੇਖਿਆ ਤੇ ਇਹ ਸ਼ਬਦ ਕਹੇ- ਹੇ ਬਾਲਕ! ਮੈਨੂੰ ਪਰਮਾਤਮਾ ਨੇ ਸ਼ਾਇਦ ਇਸੇ ਕਰਕੇ ਦੀਰਘ ਆਯੂ ਦਿੱਤੀ ਹੈ ਕਿ ਤੇਰੇ ਵਰਗੇ ਤਿਆਗੀ, ਤੇਰੇ ਵਰਗੇ ਜਪੀ, ਤੇਰੇ ਵਰਗੇ ਤਪੀ, ਤੇਰੇ ਵਰਗੇ ਬੰਦਗੀ ਦੇ ਖਜ਼ਾਨੇ ਦੇ ਮਾਲਕ ਦੇ ਦਰਸ਼ਨ ਕਰ ਸਕਾਂ। ਮੈਂ ਹੈਰਾਨ ਹੋਇਆ ਜਦੋਂ ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਵੀ ਪੜ੍ਹਾਈ ਬਾਬਾ ਬੁੱਢਾ ਸਾਹਿਬ ਜੀ ਤੋਂ ਕੀਤੀ ਸੀ ਤੇ ਜਿਸ ਦਿਨ ਧੰਨ ਗੁਰੂ ਤੇਗ ਬਹਾਦਰ ਜੀ ਦੀ ਤਾਲੀਮ ਦੀ ਗੱਲ ਚੱਲੀ ਤਾਂ ਉਸ ਦਿਨ ਵੀ ਬਾਬਾ ਬੁੱਢਾ ਸਾਹਿਬ ਜੀ ਨੂੰ ਹੀ ਨਿਯੁਕਤ ਕੀਤਾ ਗਿਆ। ਧੰਨ ਗੁਰੂ ਤੇਗ ਬਹਾਦਰ ਜੀ ਨੂੰ ਸਭ ਤੋਂ ਪਹਿਲਾਂ ਗੁਰਬਾਣੀ ਦੀ ਸੰਥਿਆ ਦੇਣ ਵਾਲੇ ਬਾਬਾ ਬੁੱਢਾ ਜੀ ਸਨ। ਇਤਿਹਾਸ ਲਿਖਦਾ ਹੈ ਕਿ ਧੰਨ ਗੁਰੂ ਤੇਗ ਬਹਾਦਰ ਜੀ ਨੂੰ ਬਾਬਾ ਬੁੱਢਾ ਸਾਹਿਬ ਜੀ ਆਪਣੇ ਕੋਲ ਬਿਠਾ ਕੇ, ਗੁਰਬਾਣੀ ਦੀ, ਗੁਰਮਤਿ ਦੀ ਤੇ ਸਿੱਖੀ ਕਮਾਉਣ ਦੀ ਆਪਣੇ ਕੋਲੋਂ ਸਿੱਖਿਆ ਦੇਂਦੇ ਰਹੇ।

ਧੰਨ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਵਿੱਚ ਬਚਪਨ ਤੋਂ ਕੁਝ ਘਟਨਾਵਾਂ ਵਾਪਰਦੀਆਂ ਹਨ, ਜਿਹੜੀਆਂ ਬੜੇ ਵੱਡੇ ਅਰਥ ਰੱਖ ਕੇ ਬੈਠੀਆਂ ਹਨ। ਚਾਰ ਸਾਲ ਦੀ ਉਮਰ ਸੀ ਮੇਰੇ ਧੰਨ ਗੁਰੂ ਤੇਗ ਬਹਾਦਰ ਜੀ ਦੀ ਤੇ ਇਨ੍ਹਾਂ ਦੇ ਵੱਡੇ ਭਰਾਤਾ ਬਾਬਾ ਗੁਰਦਿੱਤਾ ਜੀ ਦਾ ਵਿਆਹ ਆ ਗਿਆ ਹੈ। ਸਰਦੀ ਦਾ ਮੌਸਮ ਸੀ। ਜਦੋਂ ਬਾਬਾ ਗੁਰਦਿੱਤਾ ਜੀ ਦੀ ਬਰਾਤ ਨਿਕਲੀ ਤਾਂ ਅਨੇਕਾਂ ਪਿੰਡ ਤੇ ਸ਼ਹਿਰ ਦੇ ਲੋਕ ਸੜਕਾਂ ਦੇ ਕਿਨਾਰੇ ਆ ਕੇ ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਪੁੱਤਰ ਬਾਬਾ ਗੁਰਦਿੱਤਾ ਜੀ ਦੀ ਬਰਾਤ ਨੂੰ ਦੇਖਣ ਵਾਸਤੇ ਆਏ। ਹਰ ਇੱਕ ਦਾ ਇੱਕ ਦੂਜੇ ਵੱਲ ਧਿਆਨ ਸੀ, ਪਰ ਚਾਰ ਸਾਲ ਦੀ ਉਮਰ ਹੈ ਧੰਨ ਗੁਰੂ ਤੇਗ ਬਹਾਦਰ ਜੀ ਦੀ, ਉਹ ਵੀ ਬਰਾਤ ਵਿੱਚ ਗਏ ਹਨ। ਮਾਤਾ ਨਾਨਕੀ ਜੀ ਨੇ ਕੀਮਤੀ ਪੁਸ਼ਾਕ ਪਹਿਨਾਈ। ਉਸ ਵੇਲੇ ਗਹਿਣੇ ਵੀ ਕੀਮਤੀ ਪਾਏ। ਧੰਨ ਗੁਰੂ ਤੇਗ ਬਹਾਦਰ ਜੀ ਦਾ ਧਿਆਨ ਕਿਸੇ ਹੋਰ ਪਾਸੇ ਨਹੀਂ, ਸੜਕ 'ਤੇ ਖਲੋਤੇ ਹੋਏ ਛੋਟੇ-ਛੋਟੇ ਬੱਚਿਆਂ ਨੂੰ ਦੇਖਦੇ ਹਨ। ਉਨ੍ਹਾਂ ਵਿੱਚ ਇੱਕ ਮਾਸੂਮ ਬੱਚਾ ਸੀ ਉਨ੍ਹਾਂ ਦੀ ਉਮਰ ਜਿੰਨਾ। ਉਸਦੇ ਕੋਲ ਜਾ ਕੇ ਕੀ ਦੇਖਿਆ ਕਿ ਉਹਦੇ ਤਨ ਢੱਕਣ ਨੂੰ ਕੋਈ ਗਰਮ ਬਸਤਰ ਨਹੀਂ।

ਠੰਡ ਦੇ ਨਾਲ ਉਹ ਕੰਬ ਰਿਹਾ ਹੈ। ਦੰਦ ਤੇ ਦੰਦ ਵੱਜ ਰਹੇ ਹਨ। ਬਾਲ ਗੁਰੂ ਤੇਗ ਬਹਾਦਰ ਜੀ ਕੋਲ ਖੜ੍ਹੇ ਹੋ ਗਏ ਤੇ ਇਹ ਸ਼ਬਦ ਚਾਰ ਸਾਲ ਦੀ ਉਮਰ ਵਿੱਚ ਕਹੇ ਕਿ ਇਤਨੀ ਸਰਦੀ ਪੈ ਰਹੀ ਹੈ। ਕੀ ਤੇਰੀ ਮਾਤਾ ਨੇ ਤਨ ਢੱਕਣ ਨੂੰ ਬਸਤਰ ਨਹੀਂ ਦਿੱਤਾ? ਤਾਂ ਉਸ ਬੱਚੇ ਦਾ ਅੱਗੋਂ ਉੱਤਰ ਸੀ, ਕਿਹੜੀ ਮਾਂ ਹੈ ਜਿਹੜੀ ਇਹ ਨਹੀਂ ਚਾਹੁੰਦੀ ਕਿ ਮੇਰੇ ਬੱਚੇ ਨੂੰ ਸੋਹਣੀ ਪੁਸ਼ਾਕ ਨਾ ਮਿਲੇ। ਮੇਰੇ ਪੁੱਤਰ ਨੂੰ ਸੋਹਣੀ ਖ਼ੁਰਾਕ ਨਾ ਮਿਲੇ, ਮੇਰੇ ਪੁੱਤਰ ਨੂੰ ਸਰੀਰ ਢੱਕਣ ਲਈ ਬਸਤਰ ਨਾ ਮਿਲਣ। ਮਾਂ ਤਾਂ ਚਾਹੁੰਦੀ ਹੈ ਪਰ ਗਰੀਬੀ ਇਤਨੀ ਹੈ ਕਿ ਘਰ ਦੀ ਰੋਟੀ ਬੜੀ ਮੁਸ਼ਕਲ ਨਾਲ ਚੱਲਦੀ ਹੈ। ਸਾਨੂੰ ਗਰੀਬਾਂ ਨੂੰ ਗਰਮ ਕੱਪੜੇ ਕਿੱਥੋਂ ਨਸੀਬ ਹੋਣੇ ਹਨ। ਧੰਨ ਗੁਰੂ ਤੇਗ ਬਹਾਦਰ ਜੀ ਨੇ ਸੁਣਿਆ ਤੇ ਸਿੱਖ ਇਤਿਹਾਸ ਕਹਿੰਦਾ ਹੈ ਕਿ ਜਿਹੜੇ ਕੀਮਤੀ ਬਸਤਰ ਧੰਨ ਗੁਰੂ ਤੇਗ ਬਹਾਦਰ ਜੀ ਨੇ ਸਰੀਰ 'ਤੇ ਪਾਏ ਹੋਏ ਸਨ, ਉਹ ਕੀਮਤੀ ਬਸਤਰ ਉਤਾਰ ਕੇ ਉਸ ਬੱਚੇ ਦੇ ਤਨ ਉੱਤੇ ਪੁਆ ਦਿੱਤੇ। ਕਹਿਣ ਲੱਗੇ, ਲੈ ਤੂੰ ਸਰਦੀ ਤੋਂ ਬੱਚ, ਮੈਨੂੰ ਤੇ ਮਾਂ ਹੋਰ ਸਿਲਾ ਕੇ ਦੇ ਦੇਵੇਗੀ। ਬਰਾਤ ਅੱਗੇ ਨੂੰ ਚਲੇ ਗਈ, ਪਰ ਚਾਰ ਸਾਲ ਦੀ ਉਮਰ ਵਿੱਚ ਗਰੀਬਾਂ 'ਤੇ ਤਰਸ ਖਾਣ ਵਾਲੇ, ਨੰਗੇਜ ਨੂੰ ਢੱਕਣ ਵਾਲੇ, ਗੁਰੂ ਤੇਗ ਬਹਾਦਰ ਜੀ ਵਾਪਸ ਆਏ ਤੇ ਮਾਤਾ ਨਾਨਕੀ ਜੀ ਨੇ ਪੁੱਛਿਆ, ਲਾਲ ਜੀ, ਕੀਮਤੀ ਪੁਸ਼ਾਕ ਕਿਹੜੀ ਥਾਂ 'ਤੇ ਛੱਡ ਆਏ ਹੋ? ਪਹਿਲਾਂ ਖ਼ਾਮੋਸ਼ ਹੋ ਗਏ। ਫਿਰ ਪੁੱਛਿਆ ਕਿ ਇਤਨੇ ਕੀਮਤੀ ਬਸਤਰ ਕਿੱਥੇ ਗਏ? ਤਾ ਗੰਭੀਰਤਾ ਵਿੱਚ ਆ ਕੇ ਕਿਹਾ ਮਾਂ, ਸੱਚ ਜਾਣੀ, ਕਿਸੇ ਦਾ ਨੰਗੇਜ ਮੇਰੇ ਕੋਲੋਂ ਦੇਖਿਆ ਨਹੀਂ ਗਿਆ। ਕਿਸੇ ਦੇ ਨੰਗੇ ਤਨ ਨੂੰ ਮੈਂ ਦੇਖ ਨਹੀਂ ਸਕਦਾ। ਬਰਾਤ ਚੱਲੀ ਜਾ ਰਹੀ ਸੀ, ਇੱਕ ਗਰੀਬ ਜਿਹਾ ਬੱਚਾ ਜਿਸਦੇ ਤਨ ਉੱਤੇ ਬਸਤਰ ਨਹੀਂ ਸੀ, ਮੈਂ ਉਸਦੇ ਕੋਲੋਂ ਪੁੱਛਿਆ ਤਾਂ ਕਹਿੰਦਾ ਹੈ ਕਿ ਘਰ ਦੀ ਰੋਟੀ ਮੁਸ਼ਕਿਲ ਨਾਲ ਚੱਲਦੀ ਹੈ, ਬਸਤਰ ਕਿਸ ਨੇ ਲੈ ਕੇ ਦੇਣੇ ਹਨ ਗਰਮ। ਮਾਂ, ਮੈਨੂੰ ਤੇ ਤੂੰ ਹੋਰ ਬਸਤਰ ਵੀ ਸਿਲਾ ਦੇਵੇਂਗੀ, ਪਰ ਉਸ ਗਰੀਬ ਬੱਚੇ ਨੂੰ ਕਿਸ ਨੇ ਬਸਤਰ ਲੈ ਕੇ ਦੇਣੇ ਸੀ।

ਗੱਲ ਸਿਰਫ਼ ਕੱਪੜਿਆਂ ਦੀ ਨਹੀਂ ਸੀ। ਦੇਖੋ, ਇੱਕ ਬੱਚੇ ਦਾ ਤਨ ਨੰਗਾ ਦੇਖਿਆ ਤੇ ਧੰਨ ਗੁਰੂ ਤੇਗ ਬਹਾਦਰ ਜੀ ਦੇ ਕੋਲੋਂ ਰਿਹਾ ਨਾ ਗਿਆ, ਆਪਣੇ ਸਰੀਰ ਦੇ ਉੱਤੇ ਪਏ ਹੋਏ ਬਸਤਰ ਉਤਾਰ ਕੇ ਉਸ ਬੱਚੇ ਦੇ ਤਨ ਨੂੰ ਢੱਕ ਦਿੱਤਾ। ਜਿਸ ਦਿਨ ਹਿੰਦੋਸਤਾਨ ਦੀ ਧਰਤੀ 'ਤੇ ਦੇਖਿਆ ਕਿ ਤਿਲਕ ਜੰਞੂ ਖਤਰੇ ਵਿੱਚ ਹੈ। ਇੱਥੋਂ ਦੀਆਂ ਬਹੂ-ਬੇਟੀਆਂ ਦੀ ਪੱਤ ਨੂੰ ਕੋਈ ਨੰਗੇਜ ਪਿਆ ਕਰਦਾ ਹੈ ਤਾਂ ਉਸ ਦਿਨ ਧੰਨ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਤਨ ਦੀ ਚਾਦਰ ਬਣਾ ਕੇ ਸਾਰੇ ਹਿੰਦੋਸਤਾਨ ਨੂੰ ਢੱਕ ਦਿੱਤਾ। ਕਿਉਂਕਿ ਧੰਨ ਗੁਰੂ ਤੇਗ ਬਹਾਦਰ ਜੀ ਨੰਗੇਜ ਨਹੀਂ ਸਨ ਦੇਖ ਸਕਦੇ। ਜੇ ਬਸਤਰ ਦੀ ਲੋੜ ਪਈ ਤਾਂ ਤਨ ਬਸਤਰ ਨਾਲ ਢੱਕਿਆ। ਜੇ ਕਿਸੇ ਧਰਮ ਨੂੰ ਢੱਕਣ ਦੀ ਲੋੜ ਪਈ ਤਾਂ ਆਪਣੇ ਤਨ ਦੀ ਚਾਦਰ ਬਣਾ ਕੇ ਉਸ ਧਰਮ ਦੀ ਪੱਤ ਹੀ ਸਦਾ ਲਈ ਢੱਕ ਦਿੱਤੀ।

ਧੰਨ ਗੁਰੂ ਤੇਗ ਬਹਾਦਰ ਜੀ ਦੀ ਬਾਲ ਉਮਰ ਵਿੱਚ ਇੱਕ ਹੋਰ ਘਟਨਾ ਵਾਪਰੀ, ਜਿਸ ਨੇ ਉਨ੍ਹਾਂ ਨੂੰ ਅਤਿ ਦਾ ਗੰਭੀਰ ਕਰ ਦਿੱਤਾ ਸੀ। ਉਹ ਘਟਨਾ ਸੀ ਵੱਡੇ ਭਰਾਤਾ ਬਾਬਾ ਅਟੱਲ ਰਾਏ ਜੀ ਦੀ। ਨੌਂ ਸਾਲ ਦੀ ਉਮਰ ਸੀ ਬਾਬਾ ਅਟੱਲ ਰਾਏ ਜੀ ਦੀ ਜਿਸ ਦਿਨ ਉਹ ਚਲਾਣਾ ਕਰ ਗਏ। ਧੰਨ ਗੁਰੂ ਤੇਗ ਬਹਾਦਰ ਜੀ ਦੇ ਵੱਡੇ ਭਰਾਤਾ ਹਨ ਬਾਬਾ ਅਟੱਲ ਰਾਏ ਜੀ। ਕਿਉਂਕਿ ਮਾਤਾ ਨਾਨਕੀ ਜੀ ਦੀ ਕੁੱਖ ਵਿੱਚੋਂ ਦੋ ਸਪੁੱਤਰ ਹਨ। ਵੱਡੇ ਹਨ ਬਾਬਾ ਅਟੱਲ ਰਾਏ ਜੀ ਤੇ ਛੋਟੇ ਹਨ ਧੰਨ ਗੁਰੂ ਤੇਗ ਬਹਾਦਰ ਜੀ। ਜਦੋਂ ਬਾਬਾ ਅਟੱਲ ਰਾਏ ਜੀ ਨੂੰ ਆਪਣੀ ਅੱਖਾਂ ਦੇ ਸਾਹਮਣੇ ਸੰਸਾਰ ਤੋਂ ਕੂਚ ਕਰਦਿਆਂ ਦੇਖਿਆ ਤਾਂ ਧੰਨ ਗੁਰੂ ਤੇਗ ਬਹਾਦਰ ਜੀ ਦੇ ਮਨ ਉੱਪਰ ਏਨਾ

*—ਬਾਕੀ ਹਿੱਸਾ ਪੰਨਾ 28 'ਤੇ ਪੜ੍ਹੋ ਜੀ*

# ਬਾਬਾ ਮੱਖਣ ਸ਼ਾਹ ਲੁਬਾਣਾ ਜੀ

ਭਾਈ ਗੁਰਇਕਬਾਲ ਸਿੰਘ

ਨਾਮ ਦੇ ਰਸੀਏ, ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਤੇ ਪੂਰੀ ਭਾਵਨਾ ਬਣਾਉਣ ਵਾਲੇ ਬੜੇ ਹੀ ਪਿਆਰੇ ਸਿੱਖ ਹੋਏ ਹਨ ਜਿਨ੍ਹਾਂ ਦਾ ਨਾਂ ਇਤਿਹਾਸ ਵਿੱਚ ਆਇਆ ਹੈ- ਬਾਬਾ ਮੱਖਣ ਸ਼ਾਹ ਲੁਬਾਣਾ ਜੀ। ਜਿਵੇਂ ਇਤਿਹਾਸ ਵਿੱਚ ਭਾਈ ਲੱਖੀ ਸ਼ਾਹ ਵਣਜਾਰਾ ਜੀ ਹੋਏ ਹਨ ਤਿਵੇਂ ਹੀ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਵੀ ਵਣਜਾਰੇ ਸਿੱਖ ਹੋਏ ਹਨ। ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦਾ ਜਨਮ ਪਿੰਡ ਟਾਂਡਾ, ਜਿਹਲਮ ਵਿੱਚ ਹੋਇਆ। ਮਾਤਾ ਜੀ ਦਾ ਨਾਂ ਵਿਜੇ ਦੇਵੀ ਤੇ ਪਿਤਾ ਜੀ ਦਾ ਨਾਮ ਦਾਸੇ ਸ਼ਾਹ। ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੇ ਪਿਤਾ ਜੀ ਨੇ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨਾਂ ਤੋਂ ਸਿੱਖੀ ਦੀ ਦਾਤ ਲਈ। ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੀ ਪਤਨੀ ਦਾ ਨਾਂ ਸੋਲਜੇਈ ਜੀ। ਇਨ੍ਹਾਂ ਦੇ ਚਾਰ ਪੁੱਤਰ ਹੋਏ ਹਨ- ਲਾਲ ਚੰਦ ਜੀ, ਚੰਦੂ ਲਾਲ ਜੀ, ਜਵੰਦਾ ਸ਼ਾਹ ਜੀ ਤੇ ਖੁਸ਼ਹਾਲ ਚੰਦ ਜੀ।

ਧੰਨ ਗੁਰੂ ਨਾਨਕ ਸਾਹਿਬ ਜੀ ਬਖਸ਼ਿਸ਼ ਨਾਲ ਇਹ ਸਾਰਾ ਪਰਿਵਾਰ ਸਿੱਖੀ ਨਾਲ ਜੁੜਿਆ ਹੋਇਆ ਸੀ। ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਇਨ੍ਹਾਂ ਦੇ ਪੜਦਾਦਾ ਜੀ ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਚਰਨਾਂ ਦੇ ਭਉਰੇ ਸਨ। ਰਾਈਟਰਾਂ ਨੇ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੀਆਂ ਵਡਿਆਈਆਂ ਵਿੱਚ ਪਹਿਲਾ ਬਚਨ ਲਿਖਿਆ ਹੈ, ਬਾਬਾ ਮੱਖਣ ਸ਼ਾਹ ਲੁਬਾਣਾ ਜੀ ਅਨਿਨ ਪ੍ਰੇਮੀ ਗੁਰੂ ਘਰ ਦੇ। ਦੂਜਾ ਲਿਖਿਆ ਹੈ, ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦਾ ਇਤਿਹਾਸ ਵਿੱਚ ਬੜਾ ਵੱਡਾ ਯੋਗਦਾਨ ਹੈ। ਤੀਜਾ ਬਚਨ ਇਹ ਕਹਿ ਲਈਏ ਕਿ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੂੰ ਨੌਵੇਂ ਪਾਤਸ਼ਾਹ ਜੀ ਦੇ ਖੋਜੀ ਵੀ ਕਿਹਾ ਜਾਂਦਾ ਹੈ ਭਾਵ ਸਤਿਗੁਰਾਂ ਨੂੰ ਪ੍ਰਗਟ ਕਰਨ ਵਾਲੇ। ਚੌਥਾ ਬਚਨ ਇਹ ਕਹਿ ਲਈਏ ਕਿ ਭਰੋਸੇ ਤੇ ਵਿਸ਼ਵਾਸ ਵਾਲੇ ਗੁਰੂ ਪਿਆਰ ਵਿੱਚ ਰੰਗੇ ਹੋਏ ਸਿਦਕੀ ਸਿੱਖ।

ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦਾ ਆਪਣਾ ਸਮੁੰਦਰੀ ਜਹਾਜ਼ ਸੀ ਭਾਵ ਇਤਨੇ ਤਕੜੇ ਬੰਦੇ ਸਨ। ਮਾਇਆ ਪੱਖੋਂ ਇਤਨੇ ਤਕੜੇ ਸਨ ਕਿ ਸਮੁੰਦਰੀ ਜਹਾਜ਼ ਆਪਣਾ ਸੀ। ਕਿਰਤ ਕਿਵੇਂ ਸੀ? ਵਪਾਰ ਦੇ ਸੰਬੰਧ ਵਿੱਚ ਇੱਕ ਦੇਸ਼ ਤੋਂ ਦੂਜੇ ਦੇਸ਼ ਵਿੱਚ ਜਹਾਜ਼ ਲੈ ਕੇ ਜਾਣਾ। ਇੱਕ ਹੁੰਦਾ ਹੈ ਕਿ ਮਾਲ ਲੱਦਿਆ ਤੇ ਦੂਜੇ ਪਾਸੇ ਜਾ ਕੇ ਵੇਚ ਦਿੱਤਾ, ਮਾਇਆ ਲੈ ਕੇ ਵਾਪਸ ਆ ਗਏ। ਪਰ ਇਹ ਗੁਰੂ ਸਾਹਿਬ ਦੀ ਕਿਰਪਾ ਕਹਿ ਲਈਏ, ਬਾਬਾ ਮੱਖਣ ਸ਼ਾਹ ਲੁਬਾਣਾ ਜੀ ਕੀ ਕਰਦੇ ਸੀ ਕਿ ਇੱਕ ਦੇਸ਼ ਤੋਂ ਮਾਲ ਲਿਆ ਤੇ ਦੂਜੇ ਦੇਸ਼ਾਂ ਵਿੱਚ ਜਾ ਕੇ ਵੇਚਿਆ। ਜਿੱਥੇ ਵੇਚਿਆ ਤੇ ਉਸ ਇਲਾਕੇ ਤੋਂ ਉਥੋਂ ਦਾ ਮਾਲ ਲੈ ਲੈਣਾ ਤੇ ਵਾਪਸ ਆ ਕੇ ਇਸ ਦੇਸ਼ ਵਿੱਚ ਵੇਚ ਦੇਣਾ ਭਾਵ ਕਿ ਡਬਲ ਵਪਾਰ। ਇਧਰੋਂ ਵੀ ਮਾਲ ਤੇ ਦੂਜੇ ਪਾਸੇ ਤੋਂ ਪੈਸੇ ਵੱਟ ਕੇ ਉਧਰੋਂ ਵੀ ਮਾਲ। ਇੰਝ ਦੋ-ਦੋ, ਤਿੰਨ-ਤਿੰਨ ਮਹੀਨੇ ਜਹਾਜ਼ ਵਿੱਚ ਹੀ ਬੀਤ ਜਾਣੇ। ਕਈ ਵਾਰ ਪਰਿਵਾਰ ਵੀ ਜਹਾਜ਼ ਵਿੱਚ ਹੀ। 40/50 ਨੌਕਰ ਵੀ ਜਹਾਜ਼ ਵਿੱਚ ਹੀ। ਅਮਲਾ ਮਲਾਹ ਸਾਰੇ ਜਹਾਜ਼ ਵਿੱਚ ਹੀ।

ਇੱਕ ਵਾਰੀ ਵਿਦੇਸ਼ ਵਿੱਚ ਜਾ ਕੇ ਮਾਲ ਵੇਚਿਆ ਤੇ ਫਿਰ ਜਿਹੜੀ ਮਾਇਆ ਆਈ, ਉਸ ਮਾਇਆ ਨਾਲ ਉੱਥੋਂ ਮਾਲ ਖਰੀਦਿਆ ਤੇ ਜਹਾਜ਼

ਭਰਿਆ। ਬਾਬਾ ਮੱਖਣ ਸ਼ਾਹ ਲੁਬਾਣਾ ਜੀ ਜਹਾਜ਼ ਲੈ ਕੇ ਵਾਪਸ ਆ ਰਹੇ ਹਨ। ਸਮੁੰਦਰ ਦੀਆਂ ਉੱਚੀਆਂ ਲਹਿਰਾਂ ਵਿੱਚ ਜਹਾਜ਼ ਚੜ੍ਹਦੀ ਕਲਾ ਵਿੱਚ ਜਾ ਰਿਹਾ ਹੈ। ਰੱਬ ਤੋਂ, ਵਾਹਿਗੁਰੂ ਜੀ ਤੋਂ ਡਰਨਾ ਚਾਹੀਦਾ ਹੈ। ਇਤਿਹਾਸ ਵਿੱਚ ਇਸ ਤਰ੍ਹਾਂ ਲਿਖਿਆ ਹੈ ਕਿ ਇਹੋ ਜਿਹਾ ਸਮਾਂ ਚੰਦ ਮਿੰਟਾਂ ਵਿੱਚ ਬਣ ਗਿਆ ਸਾਧ ਸੰਗਤ ਜੀ ਕਿ ਰੱਬ ਦੀ ਨੇਤ, ਹਵਾ ਪੁੱਠੀ ਚੱਲ ਪਈ। ਹੁਣ ਜਿਹੜੇ ਤੁਹਾਡੇ ਵਿੱਚੋਂ ਜਹਾਜ਼ ਵਿੱਚ ਜਾਂਦੇ ਹਨ, ਉਨ੍ਹਾਂ ਨੂੰ ਪਤਾ ਹੈ ਕਿ ਹਵਾ ਦਾ ਪੁੱਠਾ ਰੁੱਖ ਆ ਜਾਏ, ਬੈਲੰਸ ਹਿੱਲ ਜਾਏ, ਫਿਰ ਮੂੰਹੋਂ ਵਾਹਿਗੁਰੂ-ਵਾਹਿਗੁਰੂ ਨਿਕਲਦਾ ਹੈ ਤਾਂ ਕਿ ਘਰ, ਆਪਣੇ ਟਿਕਾਣੇ ਤੇ ਸੁੱਖੀ ਸਾਂਦੀ ਪਹੁੰਚ ਜਾਈਏ। ਹੁਣ ਇਧਰ ਵੀ ਤੇਜ਼ ਹਨ੍ਹੇਰੀ, ਹਵਾ ਦਾ ਰੁੱਖ ਪੁੱਠਾ ਚੱਲ ਪਿਆ। ਮਲਾਹ ਨੇ ਬੜੇ ਯਤਨ ਕੀਤੇ ਕਿ ਜਹਾਜ਼ ਤੋਰੀ ਜਾਵਾਂ ਪਰ ਪੂਰੀ ਤਰ੍ਹਾਂ ਬੇਵੱਸ ਹੋ ਗਿਆ। ਬੜਾ ਪਿਆਰਾ ਜ਼ਿਕਰ ਹੈ, ਨਾਲ-ਨਾਲ ਦਰਸ਼ਨ ਕਰੋ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚੋਂ:

***ਚੌਪਈ : ਮੱਖਣ ਸ਼ਾਹੁ ਏਕ ਸਿਖ ਭਾਰਾ।***
***ਗੁਰਸਿੱਖੀ ਕੋ ਮਹਦ ਅਧਾਰਾ।***
***ਕਰਿ ਸੌਦਾ ਬਹੁ ਬਢਯੋ ਜਹਾਜ।***
***ਅਨਿਕ ਵਸਤੁ ਲੇ ਬਣਜਨਿ ਕਾਜ ॥੨॥***
***ਦੇਸ਼ਾਂਤਰ ਮਹਿ ਬੇਚਯੋ ਜਾਇ।***
***ਤਹਿ ਕੀ ਵਸਤੁ ਖਰੀਦ ਕਰਾਇ।***

*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ਼ਿ ੧੧)*

***ਮੱਖਣ ਸ਼ਾਹੁ ਏਕ ਸਿਖ ਭਾਰਾ।*** ਅਰਥਾਤ- ਮਾਇਆ ਵੱਲੋਂ ਭਾਰਾ, ਗੁਣਾਂ ਵੱਲੋਂ ਭਾਰਾ। ***ਗੁਰਸਿੱਖੀ ਕੋ ਮਹਦ ਅਧਾਰਾ।*** ਅਰਥਾਤ- ਗੁਰਸਿੱਖੀ ਦੀ ਮਹਿਕ ਬਖੇਰਨ ਵਾਲਾ, ਵੰਡਣ ਵਾਲਾ। ***ਕਰਿ ਸੌਦਾ ਬਹੁ ਬਢਯੋ ਜਹਾਜ।*** ਅਰਥਾਤ- ਸੌਦਾ ਖਰੀਦਿਆ ਤੇ ਜਹਾਜ਼ 'ਤੇ ਲੱਦਿਆ। ***ਅਨਿਕ ਵਸਤੁ ਲੇ ਬਣਜਨਿ ਕਾਜ ॥੨॥*** ਅਰਥਾਤ- ਅਨੇਕਾਂ ਵਸਤੂਆਂ ਲੱਦੀਆਂ। ***ਦੇਸ਼ਾਂਤਰ ਮਹਿ ਬੇਚਯੋ ਜਾਇ।*** ਅਰਥਾਤ- ਦੂਜੇ ਦੇਸ਼ਾਂ ਵਿੱਚ ਜਾ ਕੇ ਵੇਚਿਆ। ***ਤਹਿ ਕੀ ਵਸਤੁ ਖਰੀਦ ਕਰਾਇ।*** ਅਰਥਾਤ- ਉੱਥੋਂ ਜਿਹੜੀ ਮਾਇਆ ਮਿਲੀ ਉਹਦੀ ਖਰੀਦ ਕਰਕੇ ਇਧਰ ਨੂੰ ਲੈ ਆਂਦਾ।

ਇਹ ਲਿਖਿਆ ਹੈ ਕਿ ਉੱਚੀਆਂ ਲਹਿਰਾਂ ਵਿੱਚ ਜਹਾਜ਼ ਤੁਰਿਆ ਆ ਰਿਹਾ ਹੈ। ਕੋਈ ਚਿੱਤ ਚੇਤਾ ਨਹੀਂ। ਇਹੋ ਜਿਹੀ ਤੇਜ਼ ਹਨ੍ਹੇਰੀ ਚੱਲੀ, ਉਲਟੀ ਹਵਾ ਚੱਲੀ ਕਿ ਮਲਾਹਾਂ ਦੇ ਲੱਖਾਂ ਯਤਨ ਕਰਨ ਦੇ ਬਾਵਜੂਦ ਵੀ ਇੱਕ ਰੇਤਾ ਦਾ ਬੜਾ ਵੱਡਾ ਟਾਪੂ ਜਿੱਥੇ ਉਜਾੜ ਹੀ ਉਜਾੜ ਤੇ ਜਹਾਜ਼ ਦਾ ਥੱਲਵਾਂ ਹਿੱਸਾ ਰੇਤ ਦੇ ਵਿੱਚ ਫਸ ਗਿਆ। ਕਈ ਜਗ੍ਹਾ ਤੇ ਸ਼ਬਦ ਬਰੇਤੀ ਵੀ ਲਿਖਿਆ ਹੈ ਕਿ ਜਹਾਜ਼ ਬਰੇਤੀ ਵਿੱਚ ਫਸ ਗਿਆ। ਇਤਿਹਾਸਕਾਰਾਂ ਨੇ ਇੱਥੋਂ ਤੱਕ ਲਿਖਿਆ ਹੈ ਪੂਰਾ ਯਤਨ ਲਾ ਦਿੱਤਾ ਮਲਾਹਾਂ ਨੇ ਕਿ ਕਿਸੇ ਤਰੀਕੇ ਨਾਲ ਜਹਾਜ਼ ਨੂੰ ਰੇਤੇ ਵਿੱਚੋਂ ਕੱਢੀਏ। ਉਹ ਬੇੜੇ ਦੇ ਫੱਟਿਆਂ ਥੱਲੋਂ ਰੇਤ ਕੱਢਦੇ ਹਨ ਤੇ ਬੇੜਾ ਹੋਰ ਰੇਤ ਵਿੱਚ ਧਸੀ ਜਾਂਦਾ ਹੈ ਕੋਈ ਸਾਧਨ, ਕੋਈ ਵੀ ਯਤਨ ਕੰਮ ਨਾ ਆਇਆ, ਬੇੜਾ ਉਸੀ ਤਰ੍ਹਾਂ ਰੇਤ ਵਿੱਚ ਧਸਿਆ ਪਿਆ ਹੈ। ਹੁਣ ਪੂਰੇ ਸਤਿਗੁਰੂ ਜੀ ਦੇ ਪਿਆਰੇ ਸਿੱਖ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੂੰ ਸਭਨਾਂ ਨੇ ਅਵਾਜ਼ ਦਿੱਤੀ ਕਿ ਹੇ ਮੱਖਣ ਸ਼ਾਹ ਜੀ! ਸਾਡੀ ਤਾਂ ਹਰ ਪਾਸਿਓਂ ਹੁਣ ਬੇਵੱਸੀ ਹੋ ਗਈ ਹੈ। ਅਸੀਂ ਆਪਣਾ ਸਾਰਾ ਜ਼ੋਰ ਵੀ ਲਗਾ ਲਿਆ ਹੈ, ਸਾਡੀ ਪੇਸ਼ ਨਹੀਂ ਜਾ ਰਹੀ। ਸੁਣਿਆ ਹੈ ਧੰਨ ਗੁਰੂ ਨਾਨਕ ਪਾਤਸ਼ਾਹ ਜੀ ਦੇ ਘਰ ਦੀ ਆਪ ਜੀ ਦੇ ਹਿਰਦੇ ਵਿੱਚ ਬਹੁਤ ਆਸਥਾ ਵਸੀ ਹੋਈ ਹੈ। ਹੁਣ ਤੁਸੀਂ ਧੰਨ ਗੁਰੂ ਨਾਨਕ ਦੇਵ ਜੀ ਨੂੰ ਅਰਾਧਨਾ ਕਰੋ, ਉਨ੍ਹਾਂ ਦੇ ਚਰਨਾਂ ਵਿੱਚ ਅਰਦਾਸ ਕਰੋ। ਹੁਣ ਸਾਰਿਆਂ ਦੀ ਗੱਲ ਸੁਣ ਕੇ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੇ ਕੀ ਕੀਤਾ? ਬੜਾ ਪਿਆਰਾ ਜ਼ਿਕਰ ਹੈ। ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੇ ਧੰਨ ਗੁਰੂ ਨਾਨਕ ਦੇਵ

ਮਹਾਰਾਜ ਜੀ ਦੇ ਚਰਨਾਂ ਦਾ ਧਿਆਨ ਧਰ ਕੇ ਕਿਵੇਂ ਅਰਦਾਸ ਕੀਤੀ, ਇਹ ਜੀਵਨ ਵਿੱਚ ਲਿਆਉਣ ਦੀ ਲੋੜ ਹੈ।

*ਪਉੜੀ ॥*

*ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ ॥*

*(ਅੰਗ ੫੧੯)*

ਰਾਈਟਰਾਂ ਨੇ ਛੇ ਚੀਜ਼ਾਂ ਲਿਖੀਆਂ ਹਨ ਕਿ ਅਰਦਾਸ ਕਰਨ ਤੋਂ ਪਹਿਲਾਂ ਛੇ ਚੀਜ਼ਾਂ ਕੀਤੀਆਂ। ਇਹ ਛੇ ਚੀਜ਼ਾਂ ਸਾਡੇ ਲਈ ਵੀ ਸੇਧਾਂ ਹਨ। **ਪਹਿਲਾ ਲਿਖਿਆ ਹੈ- ਪੰਜ ਇਸ਼ਨਾਨਾ ਕੀਤਾ, ਹੱਥ ਧੋਤੇ, ਮੂੰਹ ਤੇ ਛਿੱਟੇ ਮਾਰੇ, ਪੈਰਾਂ ਤੇ ਜਲ ਪਾਇਆ। ਦੂਜਾ ਲਿਖਿਆ ਹੈ- ਸਰੂਪ ਨਿਮਰਤਾ ਦਾ, ਅੱਜ ਹੱਥ ਨਿਮਰਤਾ 'ਚ ਜੁੜ ਗਏ। ਤੀਜਾ ਲਿਖਿਆ ਹੈ- ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੇ ਜੋਤੀ ਸਰੂਪ ਸਤਿਗੁਰਾਂ ਦਾ ਧਿਆਨ ਧਰਿਆ। ਚੌਥਾ ਲਿਖਿਆ ਹੈ- ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੇ ਅਰਦਾਸ ਵੇਲੇ ਲਫਜ਼ ਵਰਤੇ, ਨਿਰਾਸ ਹੋ ਚੁੱਕਿਆਂ ਦੀ ਆਸ ਪੂਰੀ ਕਰਨ ਵਾਲੇ ਸਤਿਗੁਰੂ ਜੀ, ਕਿਰਪਾ ਕਰਨ ਵਾਲੇ ਸਤਿਗੁਰੂ ਜੀ, ਕਿਰਪਾ ਕਰੋ। ਪੰਜਵਾਂ ਲਿਖਿਆ ਹੈ ਕਿ ਤੁਸੀਂ ਅੰਤਰਯਾਮੀ ਹੋ, ਧੰਨ ਗੁਰੂ ਨਾਨਕ ਮਹਾਰਾਜ ਜੀ ਦਾ ਘਰ ਅੰਤਰਯਾਮੀ ਹੈ।** ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੇ ਹਾਲੇ ਦਰਸ਼ਨ ਧੰਨ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਤੱਕ ਹੀ ਕੀਤੇ ਸਨ। **ਛੇਵੀਂ ਗੱਲ ਲਿਖੀ ਹੈ ਕਿ ਧੰਨ ਗੁਰੂ ਨਾਨਕ ਮਹਾਰਾਜ ਦੀ ਜੋਤ ਜਿੱਥੇ ਵੀ ਹੈ, ਨਿਰਾਸ਼ ਹੋ ਚੁੱਕਿਆਂ ਦੀ ਆਸ ਪੂਰੀ ਕਰਨ ਵਾਲੇ ਹੋ, ਸਾਰੇ ਪਾਸੇ ਤੁਹਾਡਾ ਹੀ ਪ੍ਰਕਾਸ਼ ਹੈ।** ਇਨ੍ਹਾਂ ਚੀਜ਼ਾਂ ਨਾਲ ਭਾਵਨਾ ਪੈਦਾ ਹੁੰਦੀ ਹੈ ਤਾਂ ਹੀ ਕਹਿੰਦੇ ਹਨ ਕਿ ਜੁੜਿਆਂ ਦੀ ਗੱਲ ਸੁਣੋ। ਉਨ੍ਹਾਂ ਦੇ ਜੀਵਨ ਵਿੱਚੋਂ ਜੁਗਤੀਆਂ ਮਿਲਦੀਆਂ ਹਨ। ਇਹ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਜੁੜੀ ਰੂਹ ਤੇ ਲਫਜ਼ ਵੀ ਮੁੱਖ ਵਿੱਚੋਂ ਜੁੜੇ ਨਿਕਲ ਰਹੇ ਹਨ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀਆਂ ਪੰਕਤੀਆਂ ਹਨ :

*'ਹੇ ਪ੍ਰਭੁ ! ਤੁਮ ਨਿਰਾਸ ਕੀ ਆਸ।*
*ਅੰਤਰਜਾਮੀ ਸਰਬ ਪ੍ਰਕਾਸ਼।*
*ਮੈਂ ਸਦੀਵ ਕੋ ਦਾਸ ਤੁਮਾਰੋ ।*
*ਅਬਿ ਜਹਾਜ ਕੋ ਪਾਰ ਉਤਾਰੋ ।'*

*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ਼ਿ ੧੧)*

ਸਾਰੇ ਬੰਨੇ ਪਾਣੀ ਹੀ ਪਾਣੀ, ਜਹਾਜ਼ ਡੁੱਬਦਾ ਜਾ ਰਿਹਾ ਹੈ। ਕੀ ਗੱਲ ਹੋਵੇਗੀ ਉਦੋਂ ਅੰਦਰ ਦੀ, ਜਦੋਂ ਅਰਦਾਸ 'ਚ ਜੁੜ ਗਿਆ। ਜ਼ਰਾ ਸੀਨ ਲਿਆਓ ਸਾਹਮਣੇ :

*ਸਲੋਕੁ ਮਃ ੩ ॥*
*ਏ ਮਨ ਹਰਿ ਜੀ ਧਿਆਇ ਤੂ*
*ਇਕ ਮਨਿ ਇਕ ਚਿਤਿ ਭਾਇ ॥*
*ਹਰਿ ਕੀਆ ਸਦਾ ਸਦਾ ਵਡਿਆਈਆ*
*ਦੇਇ ਨ ਪਛੋਤਾਇ ॥*

*(ਅੰਗ ੬੫੩)*

*ਸਲੋਕੁ ਮਃ ੩ ॥*
*ਬ੍ਰਹਮੁ ਬਿੰਦੈ ਤਿਸ ਦਾ ਬ੍ਰਹਮਤੁ ਰਹੈ*
*ਏਕ ਸਬਦਿ ਲਿਵ ਲਾਇ ॥*
*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ ॥*

*(ਅੰਗ ੬੪੯)*

*ਸੋਰਠਿ ਮਹਲਾ ੫ ॥*
*ਗੁਰ ਕਾ ਸਬਦੁ ਰਖਵਾਰੇ ॥*
*ਚਉਕੀ ਚਉਗਿਰਦ ਹਮਾਰੇ ॥*
*ਰਾਮ ਨਾਮਿ ਮਨੁ ਲਾਗਾ ॥*
*ਜਮੁ ਲਜਾਇ ਕਰਿ ਭਾਗਾ ॥੧॥*

*(ਅੰਗ ੬੨੬)*

*ਧਨਾਸਰੀ ਮਹਲਾ ੪ ॥*
*ਇਛਾ ਪੂਰਕੁ ਸਰਬ ਸੁਖਦਾਤਾ ਹਰਿ*
*ਜਾ ਕੈ ਵਸਿ ਹੈ ਕਾਮਧੇਨਾ ॥*

*ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ*
*ਤਾ ਸਰਬ ਸੁਖ ਪਾਵਹਿ ਮੇਰੇ ਮਨਾ ॥੧॥*
*ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥*
*ਹਲਤਿ ਪਲਤਿ ਮੁਖ ਊਜਲ ਹੋਈ ਹੈ*
*ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ ॥ ਰਹਾਉ ॥*
*(ਅੰਗ ੬੬੯)*

*ਗਉੜੀ ਮਹਲਾ ੫ ॥*
*ਗੁਰ ਕਾ ਸਬਦੁ ਰਾਖੁ ਮਨ ਮਾਹਿ ॥*
*ਨਾਮੁ ਸਿਮਰਿ ਚਿੰਤਾ ਸਭ ਜਾਹਿ ॥੧॥*
*(ਅੰਗ ੧੯੨)*

ਕਿੱਥੇ ਜਾਵਾਂ, ਕਿਸ ਅੱਗੇ ਹੋਵਾਂ, ਕਿਹਦੇ ਅੱਗੇ ਫਰਿਆਦ ਕਰਾਂ? ਲਫਜ਼ ਸੁਣਿਓ ਜ਼ਰਾ। ਬਾਬਾ ਮੱਖਣ ਸ਼ਾਹ ਲੁਬਾਣਾ ਜੀ ਇੰਨੇ ਲੀਨ ਹੋ ਕੇ ਅਰਦਾਸ ਕਰ ਰਹੇ ਨੇ। ਇੱਕ ਮਾਹੌਲ ਇਹੋ ਜਿਹਾ ਇੱਕ ਬੇੜਾ ਡੁੱਬ ਰਿਹਾ ਐ ਸਮੁੰਦਰ 'ਚ, ਫਸਿਆ ਪਿਆ ਹੈ ਰੇਤ ਵਿੱਚ, ਕੋਈ ਵਾਹ ਨਹੀਂ, ਕੋਈ ਰਾਹ ਨਹੀਂ। ਜਿਹੜੇ ਅਕਾਸ਼ ਵਿੱਚ ਜਹਾਜ਼ ਚਲਦੇ ਹਨ, ਕਦੀ ਇਹੋ ਜਿਹਾ ਸਮਾਂ ਬਣ ਜਾਵੇ ਤੇ ਜ਼ਰਾ ਜਿਹਾ ਪਾਇਲਟ ਇਹ ਕਹਿ ਦੇਵੇ ਕਿ ਮੇਰੇ ਵੱਸੋਂ ਬਾਹਰ ਹੋ ਗਿਆ ਹੈ ਤੇ ਸਵਾਰੀਆਂ ਦੀ ਕੀ ਹਾਲਤ ਹੁੰਦੀ ਹੈ? ਹੁਣ ਜਹਾਜ਼ ਦੇ ਮਲਾਹ ਹੀ ਕਹਿ ਦੇਣ ਕਿ ਸਾਡੇ ਵੱਸ ਤੋਂ ਬਾਹਰ ਹੋ ਗਿਆ ਹੈ ਤੇ ਅਰਦਾਸ ਕਰਨੀ ਹੈ ਤੇ ਕਰ ਲਓ, ਸਾਡੀ ਕੋਈ ਵਾਹ ਨਹੀਂ।

ਸੰਤ ਸੁਜਾਨ ਸਿੰਘ ਜੀ ਬਾਬਾ ਨੰਦ ਸਿੰਘ ਜੀ ਦੇ ਕੀਰਤਨੀਏ ਸਨ। ਸੰਗਤ ਬੈਠੀ ਸੀ। ਕੀਰਤਨ ਹੋ ਰਿਹਾ ਸੀ ਤੇ ਉਨ੍ਹਾਂ ਨੇ ਸਾਖੀ ਲਗਾਈ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੀ। ਦੂਜੇ ਦਿਨ ਕੀਰਤਨ ਹੋਇਆ ਤੇ ਬਾਬਾ ਨੰਦ ਸਿੰਘ ਜੀ ਕਹਿਣ ਲੱਗੇ, ਸੁਜਾਨ ਸਿੰਘ ਜੀ, ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੀ ਫਿਰ ਸਾਖੀ ਲਗਾਓ। ਹੁਕਮ ਮੰਨਿਆ। ਤੀਜੇ ਦਿਨ ਬਾਬਾ ਜੀ ਨੇ ਫਿਰ ਹੁਕਮ ਕਰ ਦਿੱਤਾ ਕਿ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੀ ਸਾਖੀ ਲਗਾਓ। ਚੌਥੇ ਦਿਨ ਫਿਰ ਉਹੀ ਸਾਖੀ, ਪੰਜਵੇਂ ਦਿਨ ਜਦੋਂ ਬਾਬਾ ਜੀ ਨੇ ਫਿਰ ਕਿਹਾ ਤੇ ਸੰਤ ਸੁਜਾਨ ਸਿੰਘ ਜੀ ਨੇ ਬੇਨਤੀ ਕੀਤੀ, ਬਾਬਾ ਜੀ ਇੱਕੋ ਸਾਖੀ, ਪੰਜ ਦਿਨ ਹੋ ਗਏ ਹਨ। ਬਾਬਾ ਨੰਦ ਸਿੰਘ ਜੀ ਕਹਿੰਦੇ, ਮੈਂ ਸਾਖੀ ਵਿੱਚੋਂ ਲੱਭਦਾ ਪਿਆ ਹਾਂ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੀ ਅਰਦਾਸ ਵਿੱਚ ਕਿਹੜੀ ਤਾਕਤ ਸੀ, ਕਿਹੜੀ ਜੁਗਤੀ ਸੀ, ਕਿਹੜੀ ਵਿਧੀ ਸੀ ਕਿ ਜਿਸ ਨੇ 26 ਸਾਲ ਤੋਂ ਬਾਬੇ ਬਕਾਲੇ ਭੋਰੇ ਵਿੱਚ ਬੈਠੇ ਹੋਏ ਧੰਨ ਗੁਰੂ ਤੇਗ ਬਹਾਦਰ ਜੀ ਨੂੰ ਵੀ ਭੋਰੇ ਤੋਂ ਬਾਹਰ ਲੈ ਆਂਦਾ। ਜਿਹੜੀ ਭਾਈ ਮਨੀ ਸਿੰਘ ਜੀ ਦੀ ਟਕਸਾਲ ਹੈ ਉਨ੍ਹਾਂ ਨੇ ਜਿਹੜੇ ਲਫਜ਼ ਲਿਖੇ, ਦਾਸ ਬੋਲਣ ਲੱਗਾ ਹੈ ਕਿ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਇੰਨੇ ਲੀਨ ਹੋ ਕੇ ਅਰਦਾਸ ਕਰ ਰਹੇ ਹਨ ਕਿ ਪ੍ਰੇਮ ਦੀਆਂ ਤਾਰਾਂ ਪਹੁੰਚ ਗਈਆਂ, ਬਾਬਾ ਬਕਾਲੇ ਭੋਰੇ ਵਿੱਚ ਬੈਠੇ ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਚਰਨਾਂ ਵਿੱਚ। ਬਾਬੇ ਬਕਾਲੇ ਗੁਰੂ ਸਾਹਿਬ ਸਮਾਧੀ ਵਿੱਚ ਬੈਠੇ ਹਨ। ਮਹਾਰਾਜ ਜੀ ਦੇ ਨੇਤਰ ਖੁੱਲ੍ਹੇ, ਮਹਾਰਾਜ ਜੀ ਨੇ ਹਿਰਦੇ ਵਿੱਚ ਵਿਚਾਰ ਕੀਤੀ, ਕਿਵੇਂ ਕਰੀਏ? ਵਿਚਾਰ ਕਰਕੇ ਮਹਾਰਾਜ ਜੀ ਨੇ ਫੈਸਲਾ ਲਿਆ ਸਿੱਖ ਦੀ ਸਹਾਇਤਾ ਕਰਨੀ ਬਣਦੀ ਏ ਤਾਂ ਕਿ ਸ਼ਰਧਾ ਵਿੱਚ ਵਾਧਾ ਹੋਵੇ। ਕਿਧਰੇ ਸ਼ਰਧਾ ਟੁੱਟ ਨਾ ਜਾਵੇ।

*ਹੋਨਿ ਸਹਾਇਕ ਹੀ ਬਨਿ ਆਵੈ।*
*ਜਿਸ ਤੇ ਸਿਖ ਸ਼ਰਧਾ ਅਧਿਕਾਵੈ-॥੧੮॥*
*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ਼ਿ ੧੧)*
*ਸਤਿਗੁਰ ਸਿਉ ਆਲਾਇ ਬੇੜੇ ਡੁਬਣਿ ਨਾਹਿ ਭਉ ॥੪॥*
*(ਅੰਗ ੧੪੧੦)*

ਮਹਾਰਾਜ ਜੀ ਨੇ ਸੋਚਿਆ ਸਹਾਇਤਾ ਕਰਨੀ ਬਣਦੀ ਹੈ। ਸਾਡਾ ਪਿਆਰਾ ਸਿੱਖ ਹੈ ਸਾਡਾ ਸਹਾਇਕ ਹੋਣਾ ਬਣਦਾ ਹੈ। ਕਹਿੰਦੇ ਇੱਕ ਪਲ

ਵਿੱਚ, ਇੱਕ ਅੱਖ ਝਪਕਣ ਦੇ ਸਮੇਂ ਵਿੱਚ ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ, ਸੱਚੇ ਪਾਤਸ਼ਾਹ ਜੀ ਦਾ ਇੱਕ ਰੂਪ ਸਰਗੁਣ ਸਰੂਪ ਵਿੱਚ ਬਾਬੇ ਬਕਾਲੇ ਬੈਠਾ ਹੈ ਤੇ ਦੂਜਾ ਰੂਪ ਪ੍ਰਕਾਸ਼ ਰੂਪ ਹੋ ਕੇ, ਨਿਰਗੁਣ ਸਰੂਪ ਵਿੱਚ ਸੱਤ ਸਮੁੰਦਰ ਪਾਰ ਬੇੜੇ ਵਾਲੀ ਜਗ੍ਹਾ ਤੇ ਪਹੁੰਚ ਗਿਆ। ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਆਪਣੇ ਸਿੱਖ ਦੀ ਅਰਦਾਸ ਸੁਣ ਕੇ ਹੁਣ ਕੀ ਕਰ ਰਹੇ ਹਨ? ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੇ ਬੇੜੇ ਨੂੰ ਮੋਢਾ ਲਗਾ ਕੇ ਜਿੱਲਣ ਵਿੱਚੋਂ ਬਾਹਰ ਕੱਢ ਰਹੇ ਹਨ। ਮਿਲੇਗਾ ਐਸਾ ਪਿਤਾ ਕਿਤੇ। ਬਾਬਾ ਮੱਖਣ ਸ਼ਾਹ ਲੁਬਾਣਾ ਜੀ ਅਰਦਾਸ ਕਰ ਰਹੇ ਹਨ ਤੇ ਸਤਿਗੁਰੂ ਜੀ ਨਾਲ ਹੀ ਬਹੁੜ ਪਏ।

***ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥***
***ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥੧॥***

*(ਅੰਗ ੨੮੬)*

***ਬਿਲਾਵਲੁ ਮਹਲਾ ੫ ॥***
***ਦੋਵੈ ਥਾਵ ਰਖੇ ਗੁਰ ਸੂਰੇ ॥***
***ਹਲਤ ਪਲਤ ਪਾਰਬ੍ਰਹਮਿ ਸਵਾਰੇ***
***ਕਾਰਜ ਹੋਏ ਸਗਲੇ ਪੂਰੇ ॥੧॥ ਰਹਾਉ ॥***

*(ਅੰਗ ੮੨੫)*

***ਸੋਰਠਿ ਮਹਲਾ ੫ ॥***
***ਐਥੈ ਓਥੈ ਰਖਵਾਲਾ ॥***
***ਪ੍ਰਭ ਸਤਿਗੁਰ ਦੀਨ ਦਇਆਲਾ ॥***

*(ਅੰਗ ੬੨੮)*

***ਕਹੁ ਕਬੀਰ ਭਜੁ ਸਾਰਿਗਪਾਨੀ ॥***
***ਉਰਵਾਰਿ ਪਾਰਿ ਸਭ ਏਕੋ ਦਾਨੀ ॥੪॥੨॥੧੦॥੬੧॥***

*(ਅੰਗ ੩੩੭)*

***ਆਦਿ ਅੰਤਿ ਪ੍ਰਭੁ ਸਦਾ ਸਹਾਈ***
***ਧੰਨੁ ਹਮਾਰਾ ਮੀਤੁ ॥ ਰਹਾਉ ॥***

*(ਅੰਗ ੬੮੨)*

***ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥***
***ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥੪॥***

*(ਅੰਗ ੨੯੨-੯੩)*

***ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ***
***ਜਿਥੈ ਕਿਥੈ ਮੈਨੋ ਲਏ ਛਡਾਈ ॥***
***ਤਿਸੁ ਗੁਰ ਕਉ ਸਾਬਾਸਿ ਹੈ***
***ਜਿਨਿ ਹਰਿ ਸੋਝੀ ਪਾਈ ॥***

*(ਅੰਗ ੫੮੮)*

***ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥***
***ਸਿਮਰਿ ਸਿਮਰਿ ਤਿਸੁ ਸਦਾ ਸਮ੍ਾਲੇ ॥੧॥***

*(ਅੰਗ ੩੯੪)*

***ਈਹਾ ਊਹਾ ਤੁਮ ਰਖੇ ॥***
***ਗੁਰ ਕਿਰਪਾ ਤੇ ਕੋ ਲਖੇ ॥੩॥***

*(ਅੰਗ ੨੧੧)*

ਸੱਚੇ ਪਾਤਸ਼ਾਹ ਜੀ ਸਾਡੀ ਗਰੀਬਾਂ ਦੀ ਵੀ ਬਾਂਹ ਫੜਿਓ।

***ਤੂੰ ਸਭਨੀ ਥਾਈ ਜਿਥੈ ਹਉ ਜਾਈ***
***ਸਾਚਾ ਸਿਰਜਣਹਾਰੁ ਜੀਉ ॥***

*(ਅੰਗ ੪੩੮)*

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀਆਂ ਪੰਕਤੀਆਂ ਨੇ :

***ਪਹੁੰਚੇ ਨਿਮਖ ਬਿਖੈ ਗੁਰੁ ਪੂਰੇ।***
***ਕਰਨਿ ਸਿੱਖ ਕੇ ਕਾਰਜ ਰੂਰੇ।***

*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ਼ਿ ੧੧)*

ਇਤਿਹਾਸ ਵਿੱਚ ਲਿਖਿਆ ਹੈ ਕਿ ਜਿਵੇਂ ਹੀ ਨੌਂਵੇਂ ਪਾਤਸ਼ਾਹ ਜੀ ਨੇ ਬੇੜੇ ਨੂੰ ਮੋਢਾ ਲਗਾਇਆ ਤੇ ਹਵਾ ਦਾ ਰੁੱਖ ਹੀ ਬਦਲ ਗਿਆ। ਸਾਰੀ ਸ੍ਰਿਸ਼ਟੀ ਉਸ ਦੇ ਹੁਕਮ ਵਿੱਚ ਹੈ। ਮਹਾਰਾਜ ਜੀ ਨੇ ਮੋਢਾ ਦੇ ਕੇ ਬੇੜਾ ਕੱਢਿਆ। ਕਈ ਜਗ੍ਹਾ ਇਹ ਵੀ ਲਿਖਿਆ ਹੈ ਕਿ ਮਲਾਹ ਕਹਿਣ ਲੱਗੇ ਅਸੀਂ ਹਿੰਮਤ ਮਾਰੀ ਬੇੜਾ ਨਿਕਲ ਗਿਆ ਪਰ ਬਾਬਾ ਮੱਖਣ ਸ਼ਾਹ ਜੀ ਕਹਿੰਦੇ ਉਹ ਨਹੀਂ ਭੋਲਿਓ, ਤੁਹਾਨੂੰ ਹਿੰਮਤ

ਮਾਰਦਿਆਂ ਕਈ ਦਿਨ ਹੋ ਗਏ, ਪਰ ਜਿਹਦੇ ਅੱਗੇ ਅਰਦਾਸ ਕੀਤੀ, ਉਹ ਬਹੁੜਿਆ ਹੈ। ਉਹਦੇ ਲਈ ਕੋਈ ਵੱਡੀ ਗੱਲ ਨਹੀਂ। ਉਹਦਾ ਪਸਾਰਾ ਸਾਰੇ ਪਾਸੇ ਹੈ। ਬਾਬਾ ਮੱਖਣ ਸ਼ਾਹ ਲੁਬਾਣਾ ਜੀ ਅੰਦਰ ਚਾਨਣ ਹੋ ਗਿਆ ਕਿ ਅਰਦਾਸ ਤੋਂ ਬਾਅਦ ਮੇਰੇ ਗੁਰੂ ਨਾਨਕ ਸਾਹਿਬ ਨੇ ਕਲਾ ਵਰਤਾ ਦਿੱਤੀ ਹੈ। ਮਹਾਰਾਜ ਜੀ ਨੇ ਪਹੁੰਚ ਕੇ ਬਹੁੜੀ ਕੀਤੀ ਹੈ। ਮਹਾਰਾਜ ਜੀ ਨੇ ਜਿੱਲਣ ਵਿੱਚੋਂ ਬੇੜਾ ਕੱਢਿਆ ਤੇ ਚੰਦ ਮਿੰਟਾਂ ਵਿੱਚ ਹੀ ਜਿਹੜਾ ਬੇੜਾ ਦਲਦਲ ਵਿੱਚ ਫਸਿਆ ਪਿਆ ਸੀ, ਪਾਣੀ ਤੇ ਤਰਨ ਲੱਗ ਪਿਆ। ਚਾਲੇ ਪੈ ਗਏ। ਬਾਬਾ ਮੱਖਣ ਸ਼ਾਹ ਲੁਬਾਣਾ ਜੀ ਅੰਦਰੋਂ ਸ਼ੁਕਰਾਨੇ ਵਿੱਚ ਭਿੱਜੇ ਪਏ ਹਨ। ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਘਰ ਨੇ ਮੇਰੀ ਲਾਜ ਰੱਖ ਲਈ। ਬਾਂਹ ਫੜ ਲਈ। ਸੋਚਦੇ ਹਨ ਕਿ ਪੰਜਾਬ ਪਹੁੰਚਾਂ ਤੇ ਸ਼ੁਕਰਾਨੇ ਕਰਾਂ। ਇਹ ਲਿਖਿਆ ਹੈ ਕਿ ਮਸਕਾਂ ਮੰਡੀ ਦੀ ਬੰਦਰਗਾਹ ਉੱਥੇ ਜਹਾਜ਼ ਉਤਰਿਆ। ਹੁਣ ਜਹਾਜ਼ ਵਿੱਚੋਂ ਪ੍ਰਵਾਰ ਵੀ ਉਤਰਿਆ, ਨੌਕਰ ਵੀ ਉਤਰੇ, ਆਪਣਾ ਮਾਲ ਵੀ ਉਤਾਰਿਆ। ਉਸ ਮਾਲ ਨੂੰ ਫਿਰ ਵੇਚਿਆ, ਲਾਭ ਵੀ ਬੜਾ ਹੋਇਆ। ਥੋੜ੍ਹਾ ਜਿਹਾ ਸਮੇਟ ਕੇ ਦਿੱਲੀ ਗਏ। ਦਿੱਲੀ ਜਾ ਕੇ ਪਤਾ ਲੱਗਾ ਕਿ ਧੰਨ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਮਹਾਰਾਜ ਜੋਤੀ-ਜੋਤ ਸਮਾ ਗਏ ਹਨ ਤੇ ਜੋਤੀ-ਜੋਤ ਸਮਾਉਣ ਤੋਂ ਪਹਿਲਾਂ ਆ ਗੱਲ ਕਹਿ ਗਏ ਹਨ:

***'ਬਾਬਾ ਬਸਹਿ ਜਿ ਗ੍ਰਾਮ ਬਕਾਲੇ।***
***ਬਨਿ ਗੁਰ, ਸੰਗਤਿ ਸਕਲ ਸਮਾਲੇ।'***
***(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ਼ਿ ੧੦)***

ਇਹ ਵੀ ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਘਰ ਦੀ ਅਨੋਖੀ ਮਿਸਾਲ ਹੈ। ਇੱਕ ਹੁੰਦਾ ਹੈ ਕਿ ਸਤਿਗੁਰਾਂ ਨੇ ਆਪਣੇ ਸਾਹਮਣੇ ਗੱਦੀ ਦਿੱਤੀ, ਦਸਤਾਰ ਸੌਂਪੀ ਜਾਂ ਪ੍ਰਕਰਮਾ ਕੀਤੀ, ਤਿਲਕ ਲਗਾਇਆ। ਇਹ ਵੀ ਇੱਕ ਅਨੋਖੀ ਮਿਸਾਲ ਸੀ ਕਿ ਸਿੱਖ ਆਪੇ ਲੱਭਣ। ਮਹਾਰਾਜ ਜੀ ਤੁਹਾਡੇ ਬਾਅਦੋਂ, ਮਹਾਰਾਜ ਜੀ ਕਹਿੰਦੇ :

***'ਬਾਬਾ ਬਸਹਿ ਜਿ ਗ੍ਰਾਮ ਬਕਾਲੇ।***
***ਬਨਿ ਗੁਰ, ਸੰਗਤਿ ਸਕਲ ਸਮਾਲੇ।'***
***(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ਼ਿ ੧੦)***

ਦਿੱਲੀ ਤੋਂ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਬਾਬੇ ਬਕਾਲੇ ਆਏ, 500 ਨੌਕਰ ਵੀ ਨਾਲ ਤੇ ਪਰਿਵਾਰ ਵੀ ਨਾਲ। ਹੁਣ ਇਹ ਸੀਨ ਦੱਸਣਾ ਔਖਾ ਹੈ। ਜਦੋਂ ਇੱਥੇ ਬਾਬੇ ਬਕਾਲੇ ਆਏ ਤੇ ਇੱਥੇ 22 ਮੰਜੀਆਂ ਲੱਗੀਆਂ ਹੋਈਆਂ ਸਨ। ਸਾਰੇ ਹੀ ਕਹਿ ਰਹੇ ਸਨ ਕਿ ਅਸੀਂ ਸੱਚੇ ਹਾਂ। ਇਤਿਹਾਸਕਾਰਾਂ ਨੇ ਲਿਖਿਆ ਹੈ ਕਿ 22 ਵਿੱਚੋਂ ਜ਼ਿਆਦਾ ਜ਼ੋਰ ਧੀਰ ਮੱਲ ਦਾ ਸੀ ਕਿਉਂਕਿ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦਾ ਸਰੂਪ ਉਹਦੇ ਕੋਲ ਸੀ, ਜ਼ਿਆਦਾ ਜ਼ੋਰ ਉਹਦਾ ਸੀ। ਆਲਾ-ਦੁਆਲਾ ਵੀ ਵੱਡਾ। ਇਸ ਚੀਜ਼ ਤੋਂ ਸੇਧ ਵੀ ਲੈਣਾ ਤੇ ਸੁਚੇਤ ਵੀ ਹੋਣਾ। ਸਿੱਖ ਨੇ ਉਹ ਪੜ੍ਹਾਈ ਕਰਨੀ ਹੈ, ਬ੍ਰਹਮ ਗਿਆਨ ਤੱਕ ਵੀ ਪਹੁੰਚ ਜਾਵੇ, ਉਸ ਦਾ ਰੂਪ ਵੀ ਹੋ ਜਾਵੇ ਪਰ ਆਪਣੇ ਨਾਲ ਨਹੀਂ ਜੋੜਨਾ। ਜੋੜਨਾ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਹੈ। **ਬਾਬਾ ਈਸ਼ਰ ਸਿੰਘ ਜੀ ਕਲੇਰਾਂ ਵਾਲੇ ਮਹਾਂਪੁਰਸ਼ਾਂ ਦੇ ਬਚਨ ਨਾ ਭੁੱਲਣਾ। ਸੰਗਤ ਉਨ੍ਹਾਂ ਦੀ ਕਰੋ ਜਿਹੜੇ ਪੂਰੇ ਗੁਰੂ, ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜਨ। ਜਿਹੜੇ ਆਪਣੇ ਨਾਲ ਜੋੜਨ, ਉਨ੍ਹਾਂ ਤੋਂ ਕਿਨਾਰਾ ਰੱਖਣਾ ਹੈ।**

ਰਾਈਟਰਾਂ ਨੇ ਲਿਖਿਆ ਹੈ ਕਿ ਬਾਈਆਂ ਦੇ ਬਾਈਆਂ ਨੂੰ ਪਤਾ ਲੱਗਾ ਕਿ ਬੜਾ ਤਕੜਾ ਬੰਦਾ ਆਇਆ ਹੈ, ਮੱਖਣ ਸ਼ਾਹ ਲੁਬਾਣਾ। ਇਹਨੂੰ ਖਿੱਚ ਲਈਏ ਆਪਣੇ ਵੱਲ। ਬਾਈਆਂ ਨੇ ਹੀ ਆਪਣੇ ਪੈਰੋਕਾਰ ਛੱਡੇ ਹੋਏ ਸੀ। ਜਿੰਨੀ ਸੰਗਤ ਆਵੇ, ਸਾਡੇ ਵੱਲ ਖਿੱਚ-ਖਿੱਚ ਲਿਆਵੋ। ਹੁਣ ਇੱਥੇ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੇ ਜਦੋਂ ਦੇਖਿਆ ਕਿ ਇੱਥੇ ਤਾਂ ਰੌਲਾ ਬੜਾ ਹੈ, ਆਪਣੇ ਆਪ ਨੂੰ ਗੁਰੂ

ਜ਼ਾਹਰ ਕਰਨ ਦਾ। ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੇ ਕੀ ਕੀਤਾ? ਥੋੜ੍ਹੀ ਬਾਹਰ ਖੂਹ ਦੇ ਕੋਲ ਤੰਬੂ ਲਾ ਕੇ ਸਭ ਸਮਾਨ ਰੱਖਿਆ। ਜਦੋਂ ਬਾਬੇ ਬਕਾਲੇ ਆਏ ਸੀ ਬਾਬਾ ਮੱਖਣ ਸ਼ਾਹ ਲੁਬਾਣਾ ਜੀ, 500 ਨੌਕਰ ਨਾਲ ਸੀ। ਕੱਲੇ ਦੁਵੱਲੇ ਨਹੀਂ ਆਏ, 500 ਨੌਕਰ ਨਾਲ ਸਨ। ਇਨ੍ਹਾਂ ਨੇ ਫਿਰ ਬਾਹਰ ਖੂਹ ਕੋਲ ਸਾਰਾ ਡੇਰਾ ਕਰ ਲਿਆ। ਹੁਣ ਕਦੇ ਕੋਈ ਖਿੱਚੇ ਤੁਸੀਂ ਸਾਡੇ ਗੁਰੂ ਕੋਲ ਚੱਲੋ ਤੇ ਕਦੇ ਕੋਈ ਖਿੱਚੇ। ਇੱਥੇ ਸਿੱਖ ਨੇ ਅਜਿਹਾ ਸਮੇਂ ਬਣੇ ਤੇ ਬਿਬੇਕ ਬੁੱਧੀ ਵਰਤਣੀ ਹੈ। ਐਵੇਂ ਨਹੀਂ ਅਰਦਾਸ ਵਿੱਚ ਮੰਗਿਆ ਜਾਂਦਾ- ਬਿਬੇਕ ਦਾਨ। ਬਿਬੇਕ ਦਾਨ ਕੀ ਹੈ? ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨਾਲ ਜੋੜਨ ਵਾਲਿਆਂ ਦੀ ਹੀ ਸੰਗਤ ਕਰਨੀ ਹੈ। ਆਪਣੇ ਨਾਲ ਜੋੜਨ ਵਾਲੇ ਤੋਂ ਦੂਰ ਰਹਿਣਾ ਹੈ। ਅੱਜ ਕੱਲ੍ਹ ਵੀ ਇਸ ਦਾ ਬਹੁਤਾ ਜ਼ੋਰ ਹੈ। ਸਿੱਖ ਸੁਚੇਤ ਰਹੇ। **ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸਨ ਕਿ ਜਿਹੜਾ ਸਾਧੂ ਮਾਇਆ ਨਾਲ ਜੁੜਿਆ ਹੈ, ਉਹ ਕਉਡੀ ਦਾ ਨਹੀਂ।**

ਜਦੋਂ ਇਸ ਤਰ੍ਹਾਂ ਸਾਰੇ ਖਿੱਚਣ ਲੱਗੇ ਫਿਰ ਮਨ ਵਿੱਚ ਫੁਰਨਾ ਬਣਾਇਆ ਜਿਹੜੇ ਗੁਰੂ ਸਾਹਿਬ ਆਪ ਇਤਨੇ ਸਮਰੱਥ ਨੇ, ਦਾਤਾਂ ਦਿੰਦੇ ਨੇ, ਜਿਨ੍ਹਾਂ ਦੀ ਕ੍ਰਿਪਾ ਨਾਲ ਮੈਂ ਧਨੀ ਬਣਿਆ, ਜਿਨ੍ਹਾਂ ਦੀ ਕ੍ਰਿਪਾ ਨਾਲ ਮੇਰਾ ਬੇੜਾ ਦਲਦਲ ਵਿੱਚੋਂ ਨਿਕਲਿਆ, ਬੰਨੇ ਲੱਗਿਆ ਉਹ ਧਨ ਵਾਸਤੇ ਕਦੀ ਵੀ ਮੇਰੇ ਕੋਲ ਆਪਣੇ ਪੈਰੋਕਾਰਾਂ ਨੂੰ ਨਹੀਂ ਭੇਜਣਗੇ। ਬਾਬਾ ਮੱਖਣ ਸ਼ਾਹ ਲੁਬਾਣਾ ਜੀ ਆਪਣੀ ਘਰ ਵਾਲੀ ਨੂੰ ਕਹਿੰਦੇ ਜਿਨ੍ਹਾਂ ਨੇ ਮੈਨੂੰ ਧਨੀ ਬਣਾਇਆ, ਮੇਰਾ ਬੇੜਾ ਜਿਨ੍ਹਾਂ ਨੇ ਬਚਾਇਆ, ਉਹ ਹੀ ਸਮਰੱਥ ਦਾਤੇ ਹਨ ਤੇ ਇਹ ਸਮਰੱਥ ਗੁਰੂ ਦੀ ਵਡਿਆਈ ਹੈ ਕਿ ਉਨ੍ਹਾਂ ਨੇ ਆਪਣਾ ਬਿਰਦ ਸੰਭਾਲਿਆ ਤੇ ਆਪਣੇ ਆਪ ਨੂੰ ਪ੍ਰਗਟ ਵੀ ਨਹੀਂ ਕੀਤਾ। ਇਹ ਤਾਂ ਬਾਈ ਦੇ ਬਾਈ ਮੈਨੂੰ ਆਪਣੇ ਵੱਲ ਖਿੱਚ ਰਹੇ ਹਨ। ਹੁਣ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੇ ਸੋਚਿਆ ਕਿ ਜਿਹੜੀ ਮੈਂ 500 ਮੋਹਰ ਸੁਖੀ ਹੈ, ਹਾਜ਼ਰੀ ਲਾਉਣੀ ਹੈ, ਜੇ ਮੇਰੀ ਭੇਟਾ, ਜੇ ਮੇਰਾ ਦਸਵੰਧ ਸਹੀ ਜਗ੍ਹਾ ਨਾ ਪਹੁੰਚਿਆਂ ਤਾਂ ਵੀ ਗੱਲ ਗਲਤ ਹੋ ਜਾਵੇਗੀ। ਹੁਣ ਕਿਹੜੀ ਜੁਗਤੀ ਅਪਨਾਵਾਂ ਕਿ ਮੇਰੇ ਮਨ ਦੀ ਆਸ ਪੂਰੀ ਹੋਵੇ? ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੇ ਆਪਣੀ ਪਤਨੀ ਨਾਲ ਸਲਾਹ ਕੀਤੀ। ਤੇ ਸਲਾਹ ਵਿੱਚ ਇਹ ਰਾਏ ਨਿਕਲੀ ਕਿ ਆਪਾਂ ਦੋ-ਦੋ ਮੋਹਰਾਂ ਸਾਰਿਆਂ ਕੋਲ ਰੱਖੀ ਜਾਂਦੇ ਹਾਂ ਤੇ ਜਿਹੜਾ ਸੱਚਾ ਹੋਵੇਗਾ, ਉਹ ਆਪੇ ਬੋਲ ਪਵੇਗਾ। ਤਵਾਰੀਖ ਗੁਰੂ ਖਾਲਸਾ ਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਵੀ ਦੋ-ਦੋ ਮੋਹਰਾਂ ਲਿਖੀਆਂ ਹਨ। ਹੁਣ ਇਹ ਭਾਵਨਾ ਮਨ ਵਿੱਚ ਰੱਖ ਕੇ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੇ ਦੋ-ਦੋ ਮੋਹਰਾਂ ਸਭ ਦੇ ਅੱਗੇ ਹਜ਼ਾਰੀ ਲਗਾਈ।

ਸਭ ਤੋਂ ਪਹਿਲਾਂ ਧੀਰ ਮੱਲ ਅੱਗੇ ਰੱਖੀਆਂ ਦੋ ਮੋਹਰਾਂ, ਉਸ ਦਾ ਖਲ੍ਹੇਰਾ ਵੀ ਵੱਡਾ ਸੀ ਤੇ ਉਸਨੇ ਆਦਿ ਸ੍ਰੀ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਵੀ ਕੀਤਾ ਸੀ। ਬਾਕੀ ਵੀ ਸਾਰਿਆਂ ਅੱਗੇ ਦੋ-ਦੋ ਮੋਹਰਾਂ ਰੱਖੀਆਂ ਪਰ ਮਨ ਦੀ ਭਾਵਨਾ ਕੋਈ ਵੀ ਬੁਝ ਨਾ ਸਕਿਆ, ਕੋਈ ਨਾ ਬੋਲਿਆ। ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੇ ਕੋਈ ਨਿੰਦਿਆ ਦਾ ਸਵਾਦ ਨਹੀਂ ਲਿਆ, ਕੋਈ ਟੋਲੇ ਨਹੀਂ ਬਣਾਏ, ਮਨ ਇੰਨਾ ਬੈਰਾਗ ਵਿੱਚ ਆ ਗਿਆ ਕਿ ਸਾਰੀ ਰਾਤ ਸੁੱਤੇ ਨਹੀਂ, ਵਿਚਾਰਾਂ ਹੀ ਚਲਦੀਆਂ ਜਾਣ, ਨੀਂਦ ਆਵੇ ਹੀ ਨਾ। ਵਿਚਾਰਾਂ ਕੀ ਚਲੀ ਜਾਣ ਕਿ ਧੰਨ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਬਚਨ ਝੂਠ ਨਹੀਂ ਹੋ ਸਕਦਾ ***(ਬਾਬਾ ਬਸਹਿ ਜਿ ਗ੍ਰਾਮ ਬਕਾਲੇ।)*** ਉਨ੍ਹਾਂ ਦਾ ਬਚਨ ਸਤਿ ਹੈ ਗੁਰੂ ਸਾਹਿਬ ਇੱਥੇ ਹੀ ਨੇ। ਸਾਰੀ ਰਾਤ ਨਹੀਂ ਸੁੱਤੇ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਔਰ ਕੋਈ ਸਵਾਦ ਨਹੀਂ ਲਿਆ ਫੁਰਨਿਆਂ 'ਚ ਹੀ ਰੱਖਿਆ ਕਿ ਮੇਰੇ ਮੰਦੇ ਭਾਗ ਨੇ ਜਿਹੜੇ ਅਜੇ ਮੈਨੂੰ ਦਰਸ਼ਨ ਨਹੀਂ ਹੋਏ। ਮੇਰੇ ਅੰਦਰ ਕੋਈ ਕਮੀ ਏ, ਮੇਰੇ ਮੰਦੇ ਭਾਗ ਨੇ। ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੀ ਸਾਰੀ ਰਾਤ ਇਨ੍ਹਾਂ ਵਿਚਾਰਾਂ ਵਿੱਚ ਹੀ ਲੰਘ ਗਈ।

***-ਬਾਕੀ ਹਿੱਸਾ ਅਗਲੇ ਅੰਕ ਵਿੱਚ ਪੜ੍ਹੋ ਜੀ***

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ

# ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ

*—ਭਾਈ ਪਾਲ ਸਿੰਘ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

***ਨੌਵੇਂ ਪਾਤਸ਼ਾਹ ਜੀ ਦਾ ਸੱਤਵਾਂ ਸਲੋਕ :***

***ਤਨੁ ਧਨੁ ਜਿਹ ਤੋ ਕਉ ਦੀਓ ਤਾਂ ਸਿਉ ਨੇਹੁ ਨ ਕੀਨ ॥***
***ਕਹੁ ਨਾਨਕ ਨਰ ਬਾਵਰੇ ਅਬ ਕਿਉ ਡੋਲਤ ਦੀਨ ॥੭॥***

*(ਅੰਗ ੧੪੨੬)*

ਸਰੀਰ ਅਤੇ ਦੌਲਤ ਜਿਸ ਨੇ ਤੈਨੂੰ ਦਿੱਤੇ ਹਨ ਉਸ ਨਾਲ ਤੂੰ ਪ੍ਰੇਮ ਨਹੀਂ ਕੀਤਾ। ਹੇ ਕਮਲੇ ਪੁਰਸ਼! ਹੁਣ ਦੀਨ ਦੁਖੀ ਹੋ ਕੇ ਕਿਉਂ ਝੂਰਦਾ ਹੈਂ?

ਮਹਾਂਪੁਰਖ ਬਚਨ ਕਰਦੇ ਹਨ ਕਿ ਬੰਦੇ ਨੂੰ ਪਤਨੀ, ਬੱਚੇ ਤੇ ਧਨ ਸੰਪ੍ਰਦਾ ਯਾਦ ਹੈ ਪਰ ਜਿਸ ਪਰਮਾਤਮਾ ਨੇ ਇਹ ਸਭ ਕੁਝ ਦਿੱਤਾ ਸੀ ਉਹ ਯਾਦ ਨਹੀਂ ਰਿਹਾ।

*ਪ੍ਰਮਾਣ :*

***ਸਭੁ ਕਿਛੁ ਅਪਨਾ ਇਕੁ ਰਾਮੁ ਪਰਾਇਆ ॥੧॥***

*(ਅੰਗ ੧੩੪੨)*

ਪਰਮਾਤਮਾ ਦੀ ਸਾਡੇ ਉੱਤੇ ਸਭ ਤੋਂ ਵੱਡੀ ਕ੍ਰਿਪਾ ਇਹ ਹੈ ਕਿ ਮਨੁੱਖਾ ਤਨ ਮਿਲਿਆ ਹੈ, ਇਸ ਸਰੀਰ ਵਿੱਚ ਹੀ ਭਜਨ ਬੰਦਗੀ ਹੋ ਸਕਦੀ ਹੈ। ਦੇਵਤੇ ਵੀ ਇਹ ਤਨ ਲੈਣ ਵਾਸਤੇ ਤਰਸਦੇ ਹਨ।

*ਪ੍ਰਮਾਣ :*

***ਇਸ ਦੇਹੀ ਕਉ ਸਿਮਰਹਿ ਦੇਵ ॥***
***ਸੋ ਦੇਹੀ ਭਜੁ ਹਰਿ ਕੀ ਸੇਵ ॥੧॥***

*(ਅੰਗ ੧੧੫੯)*

ਪੰਜਵੇਂ ਪਾਤਸ਼ਾਹ ਜੀ ਫ਼ਰਮਾਉਂਦੇ ਹਨ ਕਿ ਸਾਰਾ ਸੰਸਾਰ ਟੋਲ ਕੇ ਵੇਖ ਲਿਆ ਹੈ ਪ੍ਰਭੂ ਦੇ ਨਾਮ ਤੋਂ ਬਿਨਾਂ ਸੁੱਖ ਨਹੀਂ ਮਿਲਦਾ। ਸੰਸਾਰ ਇਸ ਤਨ ਤੇ ਧਨ ਵਿੱਚੋਂ ਸੁੱਖ ਭਾਲਦੇ ਹਨ ਪਰ ਇਹ ਤਾਂ ਨਾਸ਼ ਹੋ ਜਾਣਗੇ ਕੋਈ ਵਿਰਲਾ ਹੀ ਇਹ ਗੱਲ ਸਮਝਦਾ ਹੈ।

*ਪ੍ਰਮਾਣ :*

***ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ ॥***
***ਤਨੁ ਧਨੁ ਹੋਸੀ ਛਾਰੁ ਜਾਣੈ ਕੋਇ ਜਨੁ ॥***

*(ਅੰਗ ੩੨੨)*

ਭਗਤ ਕਬੀਰ ਜੀ ਨੇ ਮਨੁੱਖੀ ਤਨ ਦਾ ਮੁੱਖ ਮਨੋਰਥ ਦੱਸਿਆ ਹੈ ਕਿ ਇਹ ਦੇਹ ਪ੍ਰਗਟ ਹੋਈ ਹੈ ਕਿ ਇਸ ਵਿੱਚ ਗਿਆਨ ਦਾ ਸੂਰਜ ਚੜ੍ਹੇ ਤੇ ਪ੍ਰੇਮ ਦਾ ਚੰਦਰਮਾ ਚੜ੍ਹੇ ਪਰ ਜਿਸ ਦੇਹ ਵਿੱਚ ਪ੍ਰੇਮ ਦਾ ਚਾਨਣਾ ਨਹੀਂ ਹੁੰਦਾ, ਉਹ ਦੇਹੀ ਫਿਰ ਆਪਣੇ ਪ੍ਰਭੂ ਨੂੰ ਮਿਲਣ ਤੋਂ ਬਿਨਾਂ ਪਲਟ ਕੇ ਫਿਰ ਖੇਹ ਹੋ ਜਾਂਦੀ ਹੈ। ਪਰਮਾਤਮਾ ਨੇ ਖੇਹ ਤੋਂ ਦੇਹ ਬਣਾ ਦਿੱਤੀ ਸੀ ਪਰ ਬੰਦੇ ਨੇ ਫਿਰ ਇਹ ਦੇਹ ਤੋਂ ਖੇਹ ਕਰ ਦਿੱਤੀ :

*ਪ੍ਰਮਾਣ :*

***ਕਬੀਰ ਸੂਰਜ ਚਾਂਦ ਕੈ ਉਦੈ ਭਈ ਸਭ ਦੇਹ ॥***
***ਗੁਰ ਗੋਬਿੰਦ ਕੇ ਬਿਨੁ ਮਿਲੇ ਪਲਟਿ ਭਈ ਸਭ ਖੇਹ ॥੧੭੯॥***

*(ਅੰਗ ੧੩੭੪)*

ਜਿਸ ਮਨੁੱਖ ਨੂੰ ਪਰਮਾਤਮਾ ਭੁੱਲ ਜਾਂਦਾ ਹੈ ਉਹ ਮਨੁੱਖ ਮਲੀਣ ਕੰਗਾਲ ਹੈ।

*ਪ੍ਰਮਾਣ :*

***ਬਿਲਾਵਲੁ ਮਹਲਾ ੫ ॥***
***ਸੋਈ ਮਲੀਨੁ ਦੀਨੁ ਹੀਨੁ ਜਿਸੁ ਪ੍ਰਭੁ ਬਿਸਰਾਨਾ ॥***

*(ਅੰਗ ੮੧੩)*

ਭਗਤ ਕਬੀਰ ਜੀ ਵੀ ਕਹਿੰਦੇ ਹਨ ਇਹ ਤਨ ਨਾਸ਼ ਹੋ ਜਾਵੇਗਾ। ਇਸ ਨੂੰ ਕਿਸੇ ਕੰਮ ਵਿੱਚ ਜੋੜ ਜੋ ਤੇਰੇ ਲਾਹੇਵੰਦ ਹੋਵੇ। ਸੋ ਸਾਧ ਸੰਗਤਿ ਕਰ ਅਤੇ ਪ੍ਰਭੂ ਦੀ ਸਿਫਤਿ ਸਾਲਾਹ ਕਰ।

*ਪ੍ਰਮਾਣ :*

***ਕਬੀਰ ਇਹੁ ਤਨੁ ਜਾਇਗਾ ਕਵਨੈ ਮਾਰਗਿ ਲਾਇ ॥***
***ਕੈ ਸੰਗਤਿ ਕਰਿ ਸਾਧ ਕੀ ਕੈ ਹਰਿ ਕੇ ਗੁਨ ਗਾਇ ॥੨੮॥***

*(ਅੰਗ ੧੩੬੫)*

ਸਤਿਗੁਰੂ ਜੀ ਫ਼ਰਮਾਉਂਦੇ ਹਨ ਇਹ ਸਰੀਰ, ਇਹ ਧਨ, ਇਸਤਰੀ ਸਾਥ ਨਿਭਣ ਵਾਲੇ ਨਹੀਂ ਹਨ। ਨਾਮ ਬਿਨਾਂ ਕੁਝ ਵੀ ਨਾਲ ਨਹੀਂ ਜਾਂਦਾ। ਇਹ ਸੰਸਾਰਕ ਰਸ ਦੇ ਭੋਗ, ਮਨ ਦੀਆਂ ਮੌਜਾਂ ਮਾਣਦੇ ਹਨ ਪਰ ਮੌਤ ਆਉਣ ਤੇ ਧਨ ਲੋਕਾਂ ਦਾ ਬਣ ਜਾਂਦਾ ਹੈ ਤੇ ਸਰੀਰ ਮਿੱਟੀ ਦੀ ਢੇਰੀ ਹੋ ਜਾਂਦਾ ਹੈ।

*ਪ੍ਰਮਾਣ :*

***ਤਨੁ ਧਨੁ ਕਲਤੁ ਸਭੁ ਦੇਖੁ ਅਭਿਮਾਨਾ ॥***
***ਬਿਨੁ ਨਾਵੈ ਕਿਛੁ ਸੰਗਿ ਨ ਜਾਨਾ ॥੧॥ ਰਹਾਉ ॥***
***ਕੀਚਹਿ ਰਸ ਭੋਗ ਖੁਸੀਆ ਮਨ ਕੇਰੀ ॥***
***ਧਨੁ ਲੋਕਾਂ ਤਨੁ ਭਸਮੈ ਢੇਰੀ ॥***

*(ਅੰਗ ੮੩੨)*

ਇਸ ਲਈ ਨੌਵੇਂ ਪਾਤਸ਼ਾਹ ਜੀ ਕਹਿੰਦੇ ਹਨ ਕਿ ਜਿਸ ਨੇ ਤੈਨੂੰ ਤਨ ਅਤੇ ਧਨ ਦਿੱਤਾ ਸੀ, ਉਸ ਨਾਲ ਤੂੰ ਪ੍ਰੇਮ ਨਹੀਂ ਕੀਤਾ, ਹੁਣ ਤੂੰ ਨਿਤਾਣਾ ਹੋ ਕੇ ਡੋਲ ਰਿਹਾ ਏ। ਤੇਰੀ ਬਾਂਹ ਕਿਸੇ ਨਹੀਂ ਫੜਨੀ।

ooo

### ਨੌਵੇਂ ਪਾਤਸ਼ਾਹ ਜੀ ਦਾ ਅੱਠਵਾਂ ਸਲੋਕ :

***ਤਨੁ ਧਨੁ ਸੰਪੈ ਸੁਖ ਦੀਓ ਅਰੁ ਜਿਹ ਨੀਕੇ ਧਾਮ ॥***
***ਕਹੁ ਨਾਨਕ ਸੁਨੁ ਰੇ ਮਨਾ ਸਿਮਰਤ ਕਾਹਿ ਨ ਰਾਮੁ ॥੮॥***

*(ਅੰਗ ੧੪੨੬)*

ਜਿਸ ਨੇ ਸਰੀਰ, ਦੌਲਤ, ਸਮੱਗਰੀ, ਸੁੱਖ ਦਿੱਤੇ ਅਤੇ ਸੁੰਦਰ ਘਰ ਦਿੱਤੇ ਹਨ, ਹੇ ਮੇਰੇ ਮਨ! ਤੂੰ ਐਸੇ ਪ੍ਰਭੂ ਨੂੰ ਕਿਉਂ ਨਹੀਂ ਸਿਮਰਦਾ?

ਸ੍ਰੀ ਸੁਖਮਨੀ ਸਾਹਿਬ ਜੀ ਦੀ ਬਾਣੀ ਵਿੱਚ ਪੰਜਵੇਂ ਪਾਤਸ਼ਾਹ ਜੀ ਫ਼ਰਮਾਉਂਦੇ ਹਨ, ਜਿਸ ਪਰਮਾਤਮਾ ਦੀ ਕ੍ਰਿਪਾ ਨਾਲ ਤੈਨੂੰ ਸੁੰਦਰ ਦੇਹੀ ਮਿਲੀ ਹੈ, ਉਸ ਪ੍ਰਭੂ ਨਾਲ ਪ੍ਰੇਮ ਕਰ। ਪਵਿੱਤਰ ਗੁਰਬਾਣੀ ਦਾ ਵੀ ਫ਼ਰਮਾਨ ਹੈ ਕਿ ਜਿਹੜਾ ਮਨੁੱਖ ਪਰਮਾਤਮਾ ਤੋਂ ਬਿਨਾਂ ਹੋਰ-ਹੋਰ ਨਾਲ ਸਾਂਝ ਬਣਾਈ ਰੱਖਦਾ ਹੈ, ਉਸਦਾ ਸਰੀਰ ਫਿਟਕਾਰ ਯੋਗ ਹੈ। ਫਿਰ ਇਹ ਮਨੁੱਖਾ ਤਨ ਨਿਰਾ ਹੱਡੀਆਂ, ਗੰਦ ਅਤੇ ਕਿਰਮ ਹੀ ਹੈ।

***ਧ੍ਰਿਗੁ ਸਰੀਰੁ ਅਸਤ ਬਿਸਟਾ ਕ੍ਰਿਮ ਬਿਨੁ ਹਰਿ ਜਾਨਤ ਹੋਰ ॥੧॥***

*(ਅੰਗ ੧੨੨੮)*

ਪਰ ਜਿਹੜੇ ਮਨੁੱਖ ਗੁਰੂ ਦੇ ਦੱਸੇ ਰਾਹ ਤੇ ਤੁਰਦੇ ਹਨ ਉਨ੍ਹਾਂ ਲਈ ਧਨ, ਪਦਾਰਥ, ਮਾਇਆ ਸਭ ਕੁਝ ਪਵਿਤ੍ਰ ਹੈ ਕਿਉਂਕਿ ਉਹ ਰੱਬ ਲੇਖੇ ਭੀ ਖਰਚਦੇ ਹਨ ਤੇ ਲੋੜਵੰਦਾਂ ਨੂੰ ਭੀ ਦਿੰਦੇ ਹਨ। ਉਹ ਜਿਉਂ-ਜਿਉਂ ਵੰਡਦੇ ਹਨ ਤਿਉਂ-ਤਿਉਂ ਸੁੱਖ ਪਾਂਦੇ ਹਨ। ਜੋ ਮਨੁੱਖ ਧਨ ਲੋੜਵੰਦਾਂ ਨੂੰ ਦਿੰਦੇ ਹਨ, ਉਨ੍ਹਾਂ ਨੂੰ ਧਨ ਦੀ ਥੁੜ ਨਹੀਂ ਆਉਂਦੀ।

*—ਬਾਕੀ ਹਿੱਸਾ ਪੰਨਾ 25 'ਤੇ ਪੜ੍ਹੋ ਜੀ*

# ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਵਡਿਆਈਆਂ ਅਤੇ ਬਚਨ

## ਗੁਰੂ ਸਾਹਿਬਾਨ ਦੇ ਮੁਖਾਰਬਿੰਦ 'ਚੋਂ ਨੌਵੇਂ ਪਾਤਸ਼ਾਹ ਜੀ ਦੀਆਂ ਵਡਿਆਈਆਂ :

1. ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਾਵਨ ਮੁਖਾਰਬਿੰਦ ਵਿੱਚੋਂ ਨੌਵੇਂ ਪਾਤਸ਼ਾਹ ਜੀ ਦੇ ਆਗਮਨ ਸਮੇਂ ਪਿਆਰ ਭਰੇ ਬਚਨ :

   ***ਇਹ ਮੇਰਾ ਪੁੱਤਰ ਗਰੀਬਾਂ ਲਈ ਰਕਸ਼ਕ ਹੋਵੇਗਾ। ਇਹ ਮੇਰਾ ਪੁੱਤਰ ਸੰਸਾਰ ਵਿੱਚ ਲੋਕਾਂ ਦੀ ਪੱਤ ਢਕੇਗਾ। ਜਦੋਂ ਵੀ ਕਿਸੇ ਤੇ ਅਤਿ ਦੀ ਮੁਸੀਬਤ ਪਵੇਗੀ ਤਾਂ ਮੇਰਾ ਇਹ ਪੁੱਤਰ ਮੁਸੀਬਤਾਂ ਵਿੱਚ ਫਸਿਆ ਹੋਇਆਂ ਦੀਆਂ ਮੁਸੀਬਤਾਂ ਦੇ ਬੰਧਨ ਕੱਟ ਦੇਵੇਗਾ।***

2. ਅੱਠਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਮੁਖਾਰਬਿੰਦ ਵਿੱਚੋਂ ਨੌਵੇਂ ਪਾਤਸ਼ਾਹ ਜੀ ਨੂੰ ਗੁਰਿਆਈ ਬਖਸ਼ਿਸ਼ ਕਰਦੇ ਹੋਏ ਕੀਤੇ ਗਏ ਬਚਨ:

   ***ਬਾਬਾ ਬਸਹਿ ਜਿ ਗ੍ਰਾਮ ਬਕਾਲੇ।***
   ***ਬਨਿ ਗੁਰ, ਸੰਗਤਿ ਸਕਲ ਸਮਾਲੇ।***

3. **ਤੇਗ ਬਹਾਦਰ ਸਿਮਰੀਐ ਘਰਿ ਨਉਨਿਧਿ ਆਵੈ ਧਾਇ॥ ਸਭ ਥਾਈਂ ਹੋਇ ਸਹਾਇ॥**

   *(ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ)*

4. **ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥ ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥**

   *(ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ)*

5. **ਤਾਤ ਮਾਤ ਮੁਰ ਅਲਖ ਅਰਾਧਾ।**
   **ਬਹੁ ਬਿਧਿ ਜੋਗ ਸਾਧਨਾ ਸਾਧਾ॥੩॥**
   **ਤਿਨ ਜੋ ਕਰੀ ਅਲਖ ਕੀ ਸੇਵਾ॥**
   **ਤਾ ਤੇ ਭਏ ਪ੍ਰਸੰਨ ਗੁਰਦੇਵਾ॥**

   *(ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਬਚਿੱਤਰ ਨਾਟਕ)*

## ਗੁਰੂ ਦੇ ਪਿਆਰਿਆਂ ਦੇ ਮੁੱਖ 'ਚੋਂ ਨੌਵੇਂ ਪਾਤਸ਼ਾਹ ਜੀ ਦੀਆਂ ਵਡਿਆਈਆਂ :

1. **ਗੁਰੂ ਤੇਗ ਬਹਾਦਰ ਆਂ ਸਰਾ ਪਾ ਅਫਜ਼ਾਲ॥ ਜ਼ੀਨਤ ਆਰਾਇ ਮਹਿਫ਼ਲਿ ਜਾਹੋ ਜਲਾਲ॥੯੯॥**

   *(ਭਾਈ ਨੰਦ ਲਾਲ ਜੀ)*

2. 115 ਸਾਲ ਦੀ ਉਮਰ ਵਿੱਚ ਬਾਬਾ ਬੁੱਢਾ ਸਾਹਿਬ ਜੀ ਦੇ ਮੁਖਾਰਬਿੰਦ ਵਿੱਚੋਂ ਨੌਵੇਂ ਪਾਤਸ਼ਾਹ ਜੀ ਦੇ ਆਗਮਨ ਸਮੇਂ ਸਤਿਕਾਰ ਵਿੱਚ ਬਚਨ :

   ***ਹੇ ਬਾਲਕ! ਮੈਨੂੰ ਪਰਮਾਤਮਾ ਨੇ ਸ਼ਾਇਦ ਇਸੇ ਕਰਕੇ ਦੀਰਘ ਆਯੂ ਦਿੱਤੀ ਹੈ ਕਿ ਤੇਰੇ ਵਰਗੇ ਤਿਆਗੀ, ਤੇਰੇ ਵਰਗੇ ਜਪੀ, ਤੇਰੇ ਵਰਗੇ ਤਪੀ, ਤੇਰੇ ਵਰਗੇ ਬੰਦਗੀ ਦੇ ਖਜ਼ਾਨੇ ਦੇ ਮਾਲਕ ਦੇ ਦਰਸ਼ਨ ਕਰ ਸਕਾਂ।***

3. ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੇ ਮੁਖਾਰਬਿੰਦ ਵਿੱਚੋਂ ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੂੰ ਪ੍ਰਗਟ ਕਰਨ ਸਮੇਂ ਪਿਆਰ ਭਰੇ ਬੋਲ :

   ***ਸਾਚਾ ਗੁਰ ਲਾਧੋ ਰੇ। ਸਾਚਾ ਗੁਰ ਲਾਧੋ ਰੇ।***

4. ਭੱਟ ਚਾਂਦ ਨੇ ਕਿੰਨਾ ਸੁੰਦਰ ਲਿਖਿਆ ਹੈ ਜਦੋਂ ਕਸ਼ਮੀਰੀ ਪੰਡਤਾਂ ਦੀ ਪੁਕਾਰ ਸੁਣ ਕੇ ਧੰਨ

ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਬਾਂਹ ਫੜ੍ਹੀ ਤੇ ਨਾਲ ਦਰਸਾ ਦਿੱਤਾ ਕਿ ਜੇ ਕਿਸੇ ਦੀ ਬਾਂਹ ਫੜ੍ਹੀਏ ਤੇ ਭਾਵੇਂ ਸਿਰ ਵੀ ਕਿਉਂ ਨਾ ਦੇਣਾ ਪੈ ਜਾਵੇ ਪਰ ਪਿੱਛੇ ਨਹੀਂ ਹਟਣਾ:

***ਚਿੱਤ ਚਰਨ ਕਮਲ ਕਾ ਆਸਰਾ***
***ਚਿੱਤ ਚਰਨ ਕਮਲ ਸੰਗ ਜੋੜੀਐ।***
***ਮਨ ਲੋਚੈ ਬੁਰਿਆਈਆ***
***ਗੁਰ ਸ਼ਬਦੀ ਇਹ ਮਨ ਹੋੜੀਐ।***
***ਬਾਂਹ ਜਿਨਾ ਦੀ ਪਕੜੀਐ***
***ਸਿਰ ਦੀਜੈ ਬਾਂਹ ਨ ਛੋੜੀਐ।***
***ਤੇਗ ਬਹਾਦਰ ਬੋਲਿਆ***
***ਧਰ ਪਈਐ ਧਰਮ ਨ ਛੋੜੀਐ।***

## ਨੌਵੇਂ ਪਾਤਸ਼ਾਹ ਜੀ ਦੀਆਂ ਜੀਵਨ ਝਲਕੀਆਂ 'ਚੋਂ ਗੁਰੂ ਸਾਹਿਬ ਦੀਆਂ ਵਡਿਆਈਆਂ :

1. ਬਚਪਨ ਵਿੱਚ ਇੱਕ ਬੱਚੇ ਦਾ ਤਨ ਨੰਗਾ ਦੇਖਿਆ ਤੇ ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਕੋਲੋਂ ਰਿਹਾ ਨਾ ਗਿਆ, ਆਪਣੇ ਸਰੀਰ ਦੇ ਉੱਤੇ ਪਏ ਹੋਏ ਕੀਮਤੀ ਬਸਤਰ ਉਤਾਰ ਕੇ ਉਸ ਬੱਚੇ ਦੇ ਤਨ ਨੂੰ ਢੱਕ ਦਿੱਤਾ ਤੇ ਜਿਸ ਦਿਨ ਹਿੰਦੁਸਤਾਨ ਦੀ ਧਰਤੀ ਤੇ ਦੇਖਿਆ ਕਿ ਤਿਲਕ ਜੰਞੂ ਖਤਰੇ ਵਿੱਚ ਹੈ। ਇੱਥੋਂ ਦੀਆਂ ਬਹੂ-ਬੇਟੀਆਂ ਦੀ ਪੱਤ ਨੂੰ ਕੋਈ ਨੰਗੇਜ ਪਿਆ ਕਰਦਾ ਹੈ ਤਾਂ ਉਸ ਦਿਨ ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਆਪਣੀ ਤਨ ਦੀ ਚਾਦਰ ਬਣਾ ਕੇ ਸਾਰੇ ਹਿੰਦੁਸਤਾਨ ਨੂੰ ਢੱਕ ਦਿੱਤਾ।
2. ਧੰਨ ਗੁਰੂ ਤੇਗ ਬਹਾਦਰ ਜੀ ਦਾ ਰੋਜ਼ਾਨਾ ਦਾ ਨੇਮ :
   ***ਗੁਰੂ ਸੰਗਤ ਵਿੱਚ ਆਉਣਾ ਤੇ ਨੀਵੀਂ ਪਾ ਕੇ ਪਿੱਛੇ ਬੈਠ ਜਾਣਾ। ਜੇ ਇਕਾਂਤ ਵਿੱਚ ਹਨ ਤਾਂ ਕੇਵਲ ਅੰਤਰਮੁੱਖੀ ਹੋ ਕੇ ਪਿਆਰੇ ਦੇ ਨਾਮ ਨਾਲ ਜੁੜੇ ਰਹਿਣਾ। ਬਾਣੀ ਦਾ ਕੀਰਤਨ ਤੇ ਸੇਵਾ ਤੋਂ ਬਿਨਾਂ ਹੋਰ ਦੂਜੀ ਕੋਈ ਗੱਲ ਨਹੀਂ।***
3. ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਸਿਖਾਉਂਦੇ ਹਨ ਤਿਆਗ ਕਰ ਮਾਣ ਦਾ, ਬੈਰਾਗ ਕਰ ਸੰਸਾਰ ਦੀ ਨਾਸ਼ਵਾਨਤਾ ਦਾ ਤੇ ਅਨੁਰਾਗ ਕਰ ਪਰਮਾਤਮਾ ਦੇ ਪਿਆਰ ਦਾ। ਜਿਸ ਕੋਲ ਤਿਆਗ ਹੈ, ਜਿਸ ਕੋਲ ਬੈਰਾਗ ਹੈ, ਜਿਸ ਕੋਲ ਅਨੁਰਾਗ ਹੈ, ਉਸ ਨੂੰ ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਕਹਿੰਦੇ ਹਨ, ਉਹ ਸਾਈਂ ਦੀ ਗੋਦ ਵਿੱਚ ਸਦਾ ਲਈ ਸਮਾਅ ਜਾਂਦਾ ਹੈ। ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਸਾਨੂੰ ਬੈਰਾਗ, ਤਿਆਗ ਤੇ ਅਨੁਰਾਗ ਸਿਖਾਇਆ।
4. ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਘਰ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਵਿਆਹ ਤੋਂ 30 ਸਾਲ ਬਾਅਦ ਹੋਇਆ ਤੇ ਜਿਸ ਦਿਨ ਗੁਰੂ ਕਲਗੀਧਰ ਪਿਤਾ ਜੀ ਦਾ ਆਗਮਨ ਹੋਇਆ, ਨੌਵੇਂ ਪਾਤਸ਼ਾਹ ਜੀ ਉਸ ਸਮੇਂ ਅਸਾਮ ਦੇ ਰਸਤੇ ਵਿੱਚ ਸਨ। ਜਦੋਂ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਆਯੂ ਪੰਜ ਵਰ੍ਹੇ ਸੀ, ਉਦੋਂ ਪਹਿਲੀ ਵਾਰ ਪਿਤਾ ਤੇ ਪੁੱਤਰ ਦਾ ਮੇਲ ਪਟਨਾ ਸ਼ਹਿਰ ਦੇ ਬਾਹਰਵਾਰ ਗੁਰੂ ਕੇ ਬਾਗ ਨਾਮਕ ਅਸਥਾਨ ਤੇ ਹੋਇਆ।
5. ਗਉੜੀ ਰਾਗ ਵਿੱਚ ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਪਹਿਲਾ ਸ਼ਬਦ ਤੇ ਰਾਗੁ ਜੈਜਾਵੰਤੀ ਵਿੱਚ ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਅਖੀਰਲਾ ਸ਼ਬਦ ਦਰਜ ਹੈ।
6. ਜਦੋਂ ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਚੱਲਣ

ਲੱਗੇ ਤਾਂ ਉਸ ਮਾਤਾ ਦਾ ਅੰਦਰ ਦੇਖੋ, ਧੰਨ ਮਾਤਾ ਨਾਨਕੀ ਜੀ ਦਾ ਜਿਨ੍ਹਾਂ ਨੇ ਆਪਣੇ ਪੁੱਤਰ ਨੂੰ ਸੀਨੇ ਨਾਲ ਲਗਾ ਕੇ ਪਾਲਿਆ। ਜਦੋਂ ਗੋਲੀਆਂ ਚਲੀਆਂ ਤਾਂ ਆਪ ਸਾਹਮਣੇ ਖਲੋ ਕੇ ਗੋਲੀ ਚਲਾਉਣ ਵਾਲੇ ਨੂੰ ਵੰਗਾਰਿਆ। ਜਿਨ੍ਹਾਂ ਨੇ ਬਾਬਾ ਬਕਾਲਾ ਜੀ ਦੀ ਧਰਤੀ ਤੇ ਪੁੱਤਰ ਭਗਤੀ ਕਰਦਾ ਪਿਆ ਹੈ ਤੇ ਆਪ ਬਾਹਰ ਖੜ੍ਹੇ ਹੋ ਕੇ ਪਹਿਰਾ ਦਿੱਤਾ।

ਉਸ ਮਾਤਾ ਦਾ ਅੰਦਰ ਕਿਸ ਤਰ੍ਹਾਂ ਦਾ ਹੋਵੇਗਾ ਕਿ ਜਦੋਂ ਪੁੱਤਰ ਦਿੱਲੀ ਚਲਿਆ ਤੇ ਪਤਾ ਹੈ ਕਿ ਔਰੰਗਜ਼ੇਬ ਨੇ ਆਪਣੇ ਸਕੇ ਬਾਪ, ਸਕੀ ਭੈਣ ਨੂੰ ਨਹੀਂ ਬਖਸ਼ਿਆ, ਉਸ ਨੇ ਮੇਰੇ ਪੁੱਤਰ ਤੇ ਜ਼ੁਲਮ ਜ਼ਰੂਰ ਕਰਨਾ ਹੈ। ਨੌਂਵੇਂ ਪਾਤਸ਼ਾਹ ਜੀ ਨੇ ਚੱਲਣ ਤੋਂ ਪਹਿਲਾਂ ਧੰਨ ਮਾਤਾ ਨਾਨਕੀ ਜੀ ਦੇ ਚਰਨਾਂ ਤੇ ਨਮਸਕਾਰ ਕੀਤੀ। ਮਾਤਾ ਜੀ ਨੇ ਅਸੀਸਾਂ ਦਿੰਦਿਆਂ ਮਸਤਕ ਚੁੰਮਿਆ ਤੇ ਕਿਹਾ, ਮੇਰੇ ਲਾਲ ਜੀ, ਗੁਰੂ ਨਾਨਕ ਸਾਹਿਬ ਦੀਆਂ ਬਰਕਤਾਂ ਤੁਹਾਡੇ ਕੋਲ ਹਨ। ਤੁਹਾਡਾ ਰਾਖਾ ਆਪ ਪਰਮਾਤਮਾ ਹੈ।

7. ਧੰਨ ਉਹ ਮਾਤਾ, ਧੰਨ ਮਾਤਾ ਗੁਜਰ ਕੌਰ ਜੀ ਜਿਨ੍ਹਾਂ ਨੇ ਆਪਣੇ ਪਤੀ ਦਾ ਹਰ ਹੁਕਮ ਸਤਿ ਕਰ ਕੇ ਮੰਨਿਆ। ਮਾਤਾ ਗੁਜਰ ਕੌਰ ਜੀ ਦੀ ਕਮਾਈ ਦੇਖੀਏ ਤੇ ਹਿਰਦਾ ਕੰਬ ਜਾਂਦਾ ਹੈ। 26 ਸਾਲ ਨੌਂਵੇਂ ਪਾਤਸ਼ਾਹ ਜੀ ਬਾਬਾ ਬਕਾਲਾ ਭੋਰੇ ਵਿੱਚ ਰਹੇ ਤੇ ਮਾਤਾ ਗੁਜਰ ਕੌਰ ਜੀ ਨੇ ਕਦੀ ਗਿਲਾ ਨਹੀਂ ਕੀਤਾ ਸਗੋਂ ਭੋਰੇ ਦੇ ਬਾਹਰ ਸਾਰੀ ਸੇਵਾ ਨਿਭਾਈ। 30 ਸਾਲ ਬਾਅਦ ਘਰ ਪੁੱਤਰ ਹੋਇਆ ਪਰ ਕਦੀ ਸ਼ਿਕਵਾ ਨਹੀਂ ਤੇ ਜਦੋਂ ਪੁੱਤਰ ਹੋਇਆ ਤੇ ਪਤੀ ਘਰ ਨਹੀਂ, ਉੱਥੇ ਵੀ ਪਤੀ ਦਾ ਹੁਕਮ ਮੰਨਿਆ। ਸਤਿ ਬਚਨ ਦੀ ਪੜ੍ਹਾਈ ਕੀਤੀ। ਜੇ ਪਤੀ ਨੇ ਕਿਹਾ ਕਿ ਤੁਸੀਂ ਪਟਨਾ ਸਾਹਿਬ ਹੀ ਰੁਕੋ, ਤੁਹਾਨੂੰ ਬਾਅਦ ਵਿੱਚ ਬੁਲਾਵਾਂਗੇ, ਫਿਰ ਹੁਕਮ ਮੰਨਿਆ, ਸਤਿ ਬਚਨ ਕਿਹਾ। ਜਦੋਂ ਦਿੱਲੀ ਸ਼ਹੀਦੀ ਦੇਣ ਜਾਣ ਲੱਗੇ ਤੇ ਨੌਂਵੇਂ ਪਾਤਸ਼ਾਹ ਜੀ ਨੇ ਮਾਤਾ ਗੁਜਰੀ ਜੀ ਨੂੰ ਕਿਹਾ, ਅਸੀਂ ਚਲੇ ਹਾਂ। ਇਹ ਸੰਸਾਰ ਇੱਕ ਪਰਵਾਹ ਹੈ। ਤਿਨਕੇ ਇਕੱਠੇ ਹੁੰਦੇ ਹਨ ਤੇ ਇੱਕ ਦਿਨ ਵਿਛੜ ਜਾਂਦੇ ਹਨ। ਜੋ ਆਇਆ ਹੈ, ਉਸ ਨੇ ਜਾਣਾ ਵੀ ਹੈ ਪਰ ਜਾਣ-ਜਾਣ ਵਿੱਚ ਅੰਤਰ ਹੈ। ਜੇ ਸਾਂਈਂ ਦੇ ਚਰਨਾਂ ਨਾਲ ਜੁੜੇ ਰਹਾਂਗੇ ਤੇ ਅਕਾਲ ਪੁਰਖ ਦੀ ਗੋਦ ਨਸੀਬ ਹੋਵੇਗੀ ਤੇ ਨਾਲ ਬਚਨ ਕੀਤਾ, ਮੇਰੇ ਪੁੱਤਰ ਦੀ ਪਾਲਣਾ ਧਿਆਨ ਨਾਲ ਕਰਨਾ ਤੇ ਇਨ੍ਹਾਂ ਦਾ ਧਿਆਨ ਰੱਖਣਾ। ਧੰਨ ਮਾਤਾ ਗੁਜਰ ਕੌਰ ਜੀ ਨੇ ਆਪਣੇ ਸੁਹਾਗ ਨੂੰ, ਦੇਸ਼ ਦੇ ਉਤੋਂ ਕੁਰਬਾਨ ਕਰ ਦਿੱਤਾ।

8. ਪਟਨਾ ਤੋਂ ਜਦੋਂ ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਪੰਜਾਬ ਵੱਲ ਤੁਰਨ ਲੱਗੇ ਤੇ ਉੱਥੋਂ ਦੀਆਂ ਸੰਗਤਾਂ ਨੂੰ ਉਪਦੇਸ਼ ਦਿੱਤਾ :

ਜੀਵਨ ਸ਼ੁੱਧ, ਕਿਰਤ ਸੁੱਚੀ, ਵਿਹਾਰ ਸੁੱਚਾ ਅਤੇ ਜੀਵਨ ਭਲੇ ਲਈ। ਪਿਆਰ ਤੇ ਤਰਸ ਸਦਾ ਪਾਸ ਰੱਖਣਾ। ਆਪੇ ਤੇ ਕਾਬੂ। ਕਿਸੇ ਨਾਲ ਨਫਰਤ ਨਾ ਕਰਨੀ। ਜਦ ਕੋਈ ਨਫਰਤ ਕਰਦਾ ਹੈ ਤਾਂ ਇੱਕ ਤਰ੍ਹਾਂ ਇਹ ਨਫਰਤ ਵਾਹਿਗੁਰੂ ਨਾਲ ਹੀ ਬਣ ਜਾਂਦੀ ਹੈ। ਨਿਰਚਾਹੀ ਹੋ ਕੇ ਸੇਵਾ ਕਰਨੀ। ਪੂਜਾ ਕੇਵਲ ਅਕਾਲ ਦੀ। ਜਾਪ ਕੇਵਲ ਸਤਿਨਾਮ ਕਰਤਾ ਪੁਰਖ ਦਾ। ਪੰਜਾਂ ਨੂੰ ਵੱਸ ਰੱਖਣਾ ਅਤੇ ਤ੍ਰਿਸ਼ਨਾ ਨੂੰ ਨੇੜੇ ਨਾ ਢੁੱਕਣ ਦੇਣਾ। ਆਸਾ, ਮਨਸ਼ਾ, ਦੁੱਖ-ਸੁੱਖ, ਮਾਨ-ਅਪਮਾਨ ਤੋਂ ਉੱਚਾ ਹੋਵੋਗੇ ਤਾਂ ਜੀਵਨ ਮਰਨ ਤੋਂ ਛੁਟਕਾਰਾ

ਮਿਲ ਜਾਵੇਗਾ। ਜ਼ਿੰਦਗਾਨੀ ਲੈਣ ਲਈ ਨਹੀਂ, ਦੇਣ ਲਈ ਬਣੀ ਹੈ। ਸੂਰਜ ਵਾਂਗ ਹੋਣਾ ਜੋ ਰੌਸ਼ਨੀ ਵੰਡਦਾ ਹੈ। ਹਉਮੈ ਤਿਆਗਣੀ। ਸਰੀਰ ਦਾ ਹਰ ਸਮੇਂ ਧਿਆਨ ਹੀ ਅਗਿਆਨਤਾ ਹੈ। ਇਸ ਅਗਿਆਨਤਾ ਕਾਰਨ ਹੀ ਪ੍ਰਭੂ ਨਾਲ ਮੇਲ ਨਹੀਂ ਹੁੰਦਾ। ਸਭ ਕੁਝ ਭੁੱਲ ਜਾਣਾ ਪਰ ਉਸਨੂੰ ਨਾ ਭੁੱਲਣਾ ਤੇ ਨਾਲ ਸੋਰਠਿ ਰਾਗ ਵਿੱਚ ਸ਼ਬਦ ਉਚਾਰ ਕੇ ਆਪਣੇ ਕਥਨ ਨੂੰ ਸਮਾਪਤ ਕੀਤਾ:

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥*
*ਸੁਖ ਸਨੇਹੁ ਅਰੁ ਭੈ ਨਹੀ ਜਾ ਕੈ*
*ਕੰਚਨ ਮਾਟੀ ਮਾਨੈ ॥੧॥ ਰਹਾਉ ॥*
*ਨਹ ਨਿੰਦਿਆ ਨਹ ਉਸਤਤਿ*
*ਜਾ ਕੈ ਲੋਭੁ ਮੋਹੁ ਅਭਿਮਾਨਾ ॥*
*ਹਰਖ ਸੋਗ ਤੇ ਰਹੈ ਨਿਆਰਉ*
*ਨਾਹਿ ਮਾਨ ਅਪਮਾਨਾ ॥੧॥*

*(ਅੰਗ ੬੩੩)*

9. ਭਾਈ ਮਤੀ ਦਾਸ ਜੀ ਪ੍ਰਤੀ ਸਤਿਗੁਰੂ ਜੀ ਦਾ ਬਚਨ:

***ਮਮ ਸਹਾਇਕ ਮਿਤਰ ਭਾਰੀ।***

ਭਾਈ ਦਿਆਲਾ ਜੀ ਪ੍ਰਤੀ ਧੰਨ ਗੁਰੂ ਤੇਗ ਬਹਾਦਰ ਜੀ ਦਾ ਬਚਨ: ਘਰ ਬਾਰੀ। ਭਾਵ ਇਹ ਸਾਡੇ ਘਰ ਦਾ ਪ੍ਰਬੰਧ ਸੰਭਾਲਣ ਵਾਲੇ ਹਨ। ਜਦੋਂ ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਪਟਨਾ ਤੋਂ ਅਸਾਮ ਗਏ ਤੇ ਪਿੱਛੋਂ ਪਰਿਵਾਰ ਦੀ ਸਾਰੀ ਸੰਭਾਲ ਭਾਈ ਦਿਆਲਾ ਜੀ ਨੇ ਕੀਤੀ। ਭਾਈ ਮਤੀ ਦਾਸ ਜੀ ਨੂੰ ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਆਪਣਾ ਦੀਵਾਨ ਤੇ ਭਾਈ ਸਤੀ ਦਾਸ ਜੀ ਨੂੰ ਆਪਣਾ ਲਿਖਾਰੀ ਬਖਸ਼ ਕੇ ਨਿਵਾਜਿਆ। ਜਦੋਂ ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ ਅਤੇ ਭਾਈ ਸਤੀ ਦਾਸ ਜੀ ਦੀ ਸ਼ਹੀਦੀ ਹੋਈ ਤੇ ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਮੁੱਖ ਤੋਂ ਤਿੰਨ ਵਾਰੀ ਨਿਕਲਿਆ: ਧੰਨ ਸਿੱਖੀ ਧੰਨ ਸਿੱਖੀ ਧੰਨ ਸਿੱਖੀ।

OOO

---

*ਪੰਨਾ 21 ਦਾ ਬਾਕੀ ਹਿੱਸਾ—*

*ਪ੍ਰਮਾਣ:*

***ਪਉੜੀ ॥***
***ਗੁਰਮੁਖਿ ਸਭ ਪਵਿਤੁ ਹੈ ਧਨੁ ਸੰਪੈ ਮਾਇਆ ॥***
***ਹਰਿ ਅਰਥਿ ਜੋ ਖਰਚਦੇ ਦੇਂਦੇ ਸੁਖੁ ਪਾਇਆ ॥***

*(ਅੰਗ ੧੨੪੬)*

ਪੰਜਵੇਂ ਪਾਤਸ਼ਾਹ ਜੀ ਸਾਨੂੰ ਸਮਝਾਉਂਦੇ ਹਨ ਕਿ ਜਿਸ ਪ੍ਰਭੂ ਦੀ ਦਇਆ ਨਾਲ ਤੂੰ ਸੋਹਣੇ ਮਹੱਲਾਂ ਵਿੱਚ ਸੁੱਖ ਨਾਲ ਵਸਦਾ ਏ, ਉਸਨੂੰ ਸਦਾ ਮਨ ਵਿੱਚ ਸਿਮਰ।

*ਪ੍ਰਮਾਣ:*

***ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ ॥***
***ਤਿਸਹਿ ਧਿਆਇ ਸਦਾ ਮਨ ਅੰਦਰਿ ॥***

*(ਅੰਗ ੨੬੯)*

ਜਿਹੜੇ ਮਨੁੱਖ ਪਰਮਾਤਮਾ ਦੀ ਯਾਦ ਭੁਲਾ ਦਿੰਦੇ ਹਨ ਉਹ ਸਰੀਰਕ ਤੌਰ ਤੇ ਨਰੋਏ ਹੁੰਦਿਆਂ ਭੀ ਵੱਡੇ ਰੋਗੀ ਹਨ।

*ਪ੍ਰਮਾਣ:*

***ਆਰੋਗੵੰ ਮਹਾ ਰੋਗੵੰ ਬਿਸਿਮ੍ਰਿਤੇ ਕਰੁਣਾ ਮਯਹ ॥੨੫॥***

*(ਅੰਗ ੧੩੫੬)*

ਇਸ ਲਈ ਧੰਨ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਫ਼ਰਮਾਉਂਦੇ ਹਨ ਕਿ ਜਿਸ ਪਰਮਾਤਮਾ ਨੇ ਤੈਨੂੰ ਸਰੀਰ, ਦੌਲਤ ਅਤੇ ਸੁੰਦਰ ਘਰ ਦਿੱਤਾ ਹੈ ਐਸੇ ਪ੍ਰਭੂ ਨੂੰ ਤੂੰ ਕਿਉਂ ਨਹੀਂ ਸਿਮਰਦਾ।

*-ਬਾਕੀ ਸਲੋਕ ਅਗਲੇ ਅੰਕ ਵਿੱਚ ਪੜ੍ਹੋ ਜੀ*

# ਨੌਵੇਂ ਪਾਤਸ਼ਾਹ ਜੀ ਦੇ ਮੁਖਾਰਬਿੰਦ 'ਚੋਂ ਆਪਣੇ ਗੁਰਸਿੱਖਾਂ ਅਤੇ ਸੰਗਤਾਂ ਲਈ ਅਨਮੋਲ ਬਚਨ

**1**

ਭਾਈ ਫੇਰੂ ਜੀ
ਦੀ ਸੱਚੀ ਕਮਾਈ ਤੋਂ ਖੁਸ਼ ਹੋ ਕੇ
ਧੰਨ ਗੁਰੂ ਤੇਗ ਬਹਾਦਰ ਜੀ ਦੇ ਬਚਨ :

***ਭਾਈ ਫੇਰੂ ਤੇਰੀ ਸਚੀ ਦਾਹੜੀ ।***
***ਭਾਈ ਫੇਰੂ ਤੇਰੀ ਸੇਵਾ ਗਾਹੜੀ ।***
***ਭਾਈ ਫੇਰੂ ਤੇਰੀ ਕਰਣੀ ਸਾਰੀ ।***
***ਭਾਈ ਫੇਰੂ ਜਗ ਤੁਲਹਾ ਭਾਰੀ ।***
***ਭਾਈ ਫੇਰੂ ਤੇਰੇ ਤੋਂ ਸਤਿਗੁਰੂ ਬਲਿਹਾਰੀ ।***

**2**

ਨੌਵੇਂ ਪਾਤਸ਼ਾਹ ਜੀ ਨੇ ਭਾਈ ਘਨ੍ਹਈਆ ਜੀ ਨੂੰ ਜਦੋਂ ਦਰਗਾਹੀ ਦਾਤ ਦਿੱਤੀ ਤੇ ਬਚਨ ਕੀਤਾ: **ਨਿਮਰਤਾ ਦਾ ਪੱਲਾ ਨਾ ਛੱਡਣਾ ਦਾਤ ਟਿਕੀ ਰਹੇਗੀ, ਜਦੋਂ ਦਾਤ ਟਿਕੀ ਰਹੇ ਤਾਂ ਅੱਗੋਂ ਵੰਡਦੇ ਰਹਿਣਾ।**

**3**

ਨਫਰਤ ਉਸ ਦਾ ਕੁਝ ਨਹੀਂ ਵਿਗਾੜਦੀ ਜਿਸ ਨਾਲ ਕੀਤੀ ਜਾ ਰਹੀ ਹੈ ਸਗੋਂ ਆਪਣਾ ਹੀ ਅੰਦਰਲਾ ਸਾੜਦੀ ਹੈ। ਸਾੜਾ ਸ਼ੈਤਾਨੀ ਕਰਮ ਹੈ ਅਤੇ ਖਿਮਾਂ ਖੁਦਾਈ।

**4**

ਮੁੱਖ ਧਰਮ ਖਿਮਾ ਹੀ ਹੈ ਤੇ ਖਿਮਾ ਹੀ ਵੱਡਾ ਤਪ ਹੈ। ਖਿਮਾ ਕਰਨਾ ਹੀ ਵੱਡਾ ਦਾਨ ਹੈ। ਖਿਮਾਂ ਹੀ ਸਭ ਤੀਰਥਾਂ ਦਾ ਇਸ਼ਨਾਨ ਹੈ। ਖਿਮਾਂ ਨਾਲ ਹੀ ਮੁਕਤੀ ਦੀ ਪ੍ਰਾਪਤੀ ਹੈ ਅਤੇ ਖਿਮਾ ਕਰਨ ਬਰਾਬਰ ਹੋਰ ਕੋਈ ਗੁਣ ਨਹੀਂ।

**5**

ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਘਰ ਕੇਵਲ ਨਾਮ ਹੈ। ਨਾਮ ਤੋਂ ਹੀ ਸਭ ਉਤਪਤੀ ਹੋਈ ਹੈ। ਨਾਮ ਵਿੱਚ ਚਿੱਤ ਲਗਾਇਆਂ ਨਾਮ ਵਿੱਚ ਹੀ ਸਮਾ ਜਾਈਦਾ ਹੈ। ਸਿਮਰਨ ਉਸ ਤੱਕ ਪੁੱਜਣ ਦਾ ਸਾਧਨ ਤੇ ਨਾਮ ਉਸ ਦੀ ਹੋਂਦ ਦਾ ਪ੍ਰਗਟਾਵਾ ਹੈ।

**6**

ਸਾਦਾ ਜੀਵਨ ਉਹ ਹੈ ਜੋ ਕਿਸੇ ਨੂੰ ਦੁੱਖ ਨਹੀਂ ਦਿੰਦਾ, ਸਾਫ ਉਹ ਹੈ ਜੋ ਆਪ ਚੋਟ ਖਾ ਲੈਂਦਾ ਹੈ ਪਰ ਦੂਜੇ ਨੂੰ ਨਹੀਂ ਲਗਾਉਂਦਾ।

ਸਵਾਲ ਜਵਾਬ

# ਗੁਰਸਿੱਖਾਂ ਦੇ ਸਵਾਲ ਤੇ ਸਤਿਗੁਰਾਂ ਦੇ ਜਵਾਬ

**1. ਸਵਾਲ: ਲਖਨੌਰ ਵਿਖੇ ਇੱਕ ਜਗਿਆਸੂ ਨੇ ਸਵਾਲ ਕੀਤਾ, ਸਤਿਗੁਰੂ ਜੀ, ਮਨ ਦਾ ਸ਼ੀਸ਼ਾ ਕਿਸ ਤਰ੍ਹਾਂ ਸਾਫ ਕਰੀਏ ਕਿ ਉਸ ਦਾ ਦੀਦਾਰ ਹੋਵੇ?**

**ਜਵਾਬ:** ਨੌਵੇਂ ਪਾਤਸ਼ਾਹ ਜੀ ਨੇ ਸੁਖਮਨੀ ਸਾਹਿਬ ਜੀ ਦੀ ਨੌਵੀਂ ਅਸਟਪਦੀ ਦੀ ਪਹਿਲੀ ਪਉੜੀ ਸੁਣਾਉਂਦਿਆਂ ਫ਼ਰਮਾਇਆ:

ਜ਼ਬਾਨ ਝੂਠ ਤੋਂ ਬਚੇ, ਮਨ ਉਸ ਦੇ ਦੀਦਾਰ ਵੱਲ, ਨੇਤਰ ਪਰ-ਰੂਪ ਤੋਂ ਹਟਣ, ਸਾਧ ਦੀ ਸੇਵਾ, ਕੰਨ ਕਿਸੇ ਦੀ ਨਿੰਦਿਆ ਤੋਂ ਬਚਣ, ਹੰਕਾਰ ਨੇੜੇ ਨਾ ਹੋਵੇ, ਪੰਜਾਂ ਤੇ ਕਾਬੂ ਹੋਵੇ, ਐਸਾ ਪੁਰਸ਼ ਹੀ ਉਸ ਦਾ ਦੀਦਾਰ ਕਰ ਸਕਦਾ ਹੈ।

**2. ਸਵਾਲ: ਸਤਿਗੁਰੂ ਜੀ, ਜੀਵਨ ਆਦਰਸ਼ ਕੀ ਹੈ?**

**ਜਵਾਬ:** ਧੰਨ ਗੁਰੂ ਤੇਗ ਬਹਾਦਰ ਜੀ ਫ਼ਰਮਾਉਂਦੇ ਹਨ:

ਜੀਵਨ ਇੱਕ ਦਰਿਆ ਨਿਆਈਂ ਹੈ। ਸੋਮੇ ਵਿੱਚੋਂ ਨਿਕਲਦਾ ਹੈ ਤੇ ਸਾਗਰ ਵਿੱਚ ਸਮਾ ਜਾਂਦਾ ਹੈ। ਜੀਵਨ ਦਾ ਆਦਰਸ਼ ਵੀ ਵਾਹਿਗੁਰੂ ਸਾਗਰ ਵਿੱਚ ਇਕਮਿਕ ਹੋਣਾ ਹੈ। ਰਾਹ ਟੁਰਦੇ, ਸੰਜਮ ਰੱਖਦੇ, ਨੇੜੇ ਆਉਣ ਵਾਲਿਆਂ ਦਾ ਜੀਵਨ ਵੀ ਅਨੰਦਦਾਇਕ ਬਣਾਉਣ ਵਿੱਚ ਹੈ। ਖੁਸ਼ੀ ਵੰਡਣ ਵਿੱਚ ਹੈ। ਜੀਵਨ ਦਾਨ ਦੇਣ ਵਿੱਚ ਹੈ। ਜੇ ਕਿਸੇ ਪੁੱਠਾ ਰਾਹ ਆਪਨਾ ਲਿਆ ਤਾਂ ਉਹ ਲੁਕਾਈ ਲਈ ਬਿਪਤਾ ਬਣ ਜਾਵੇਗਾ। ਸੋ ਜੀਵਨ ਆਦਰਸ਼ ਇਹ ਹੈ ਕਿ ਗੁਰੂ ਦੇ ਦੱਸੇ ਰਾਹ ਤੇ ਟੁਰੀ ਜਾਈਏ ਤੇ ਬੁਰਾਈ ਦੇ ਟਾਕਰੇ ਅੜ ਖਲੋਈਏ।

**3. ਸਵਾਲ: ਸਤਿਗੁਰੂ ਜੀ, ਗਿਆਨ ਕੀ ਹੈ?**

**ਜਵਾਬ:** ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਫ਼ਰਮਾਉਂਦੇ ਹਨ:

ਆਪੇ ਨੂੰ ਜਾਣਨਾ ਹੀ ਗਿਆਨ ਹੈ। ਗਿਆਨ ਪ੍ਰਾਪਤ ਹੁੰਦਾ ਹੈ, ਗੁਰੂ ਉਪਦੇਸ਼ ਨੂੰ ਸੁਣਨ ਤੇ ਗਾਉਣ ਤੇ ਫਿਰ ਉਸ ਵਿੱਚ ਪਿਆਰ ਪਾਉਣ ਨਾਲ ਪਹਿਲੀ ਪਉੜੀ ਚੜ੍ਹੀ ਜਾਂਦੀ ਹੈ। ਫਿਰ ਉਸ ਗਾਏ ਸੁਣੇ ਦਾ ਹੀ ਰੂਪ ਹੋ ਜਾਣਾ। ਸਗਲ ਬਨਸਪਤ ਵਿੱਚ ਅਗਨੀ ਹੈ ਅਤੇ ਦੁੱਧ ਵਿੱਚ ਘਿਉ ਪਰ ਇਹ ਪ੍ਰਗਟ ਹੁੰਦਾ ਹੈ, ਘਾਲ ਨਾਲ। ਇਹ ਘਾਲ ਸਿਮਰਨ ਹੈ। ਉਸ ਦੀ ਯਾਦ ਭੁੱਲਣ ਨਾ ਦੇਣੀ, ਗਿਆਨ ਦਾ ਅਖੀਰ ਡੰਡਾ ਚੜ੍ਹ ਜਾਣਾ ਹੈ।

**4. ਸਵਾਲ: ਸਤਿਗੁਰੂ ਜੀ, ਪਾਪ ਤੇ ਪੁੰਨ ਦਾ ਮੂਲ (ਜੜ੍ਹ) ਕੀ ਹੈ?**

**ਜਵਾਬ:** ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਆਖਦੇ ਹਨ:

ਪਾਪ ਦੀ ਜੜ੍ਹ ਦੁਨੀਆਂ ਨਾਲ ਪ੍ਰੀਤੀ ਹੈ ਅਤੇ ਨਿੱਜ ਲਈ ਸਭ ਕੁਝ ਚਾਹੁਣਾ ਹੈ। ਪੁੰਨ ਦੀ ਜੜ੍ਹ, ਸੰਸਾਰ ਨੂੰ ਫਾਨੀ ਤੇ ਚਲਾਇਮਾਨ ਸਮਝਣਾ ਹੈ। ਦਿੱਸਦੇ ਜਗਤ ਨਾਲ ਮੋਹ ਹਟਾਉਣਾ ਹੈ ਤੇ ਉਸ ਦੀ ਰਜ਼ਾ ਵਿੱਚ ਰਾਜ਼ੀ ਰਹਿਣਾ ਹੈ।

**5. ਸਵਾਲ: ਸਤਿਗੁਰੂ ਜੀ, ਮਜ਼ਹਬ ਕੀ ਹੈ?**

**ਜਵਾਬ:** ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਆਖਦੇ ਹਨ ਜੋ ਰਾਹ ਖੁਦਾ ਵੱਲ ਲੈ ਜਾਏ, ਉਹ ਹੀ ਅਸਲ ਮਜ਼ਹਬ ਹੈ।

**6. ਸਵਾਲ: ਸਤਿਗੁਰੂ ਜੀ, ਸ਼ਰਾਅ ਕਿਹੜੀ ਉੱਤਮ ਹੈ?**

**ਜਵਾਬ:** ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਆਖਦੇ ਹਨ ਜੋ ਬਦੀਆਂ ਤੋਂ ਹੋੜੇ, ਉਹ ਹੀ

ਅਸਲੀ ਸ਼ਰਾਅ ਹੈ।

**7. ਸਵਾਲ: ਸਤਿਗੁਰੂ ਜੀ, ਭਗਤੀ ਕੀ ਹੈ?**

**ਜਵਾਬ:** ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਆਖਦੇ ਹਨ ਮਾਲਕ ਵਿੱਚ ਸਮਾਅ ਜਾਣਾ ਹੀ ਭਗਤੀ ਹੈ।

**8. ਸਵਾਲ: ਸਤਿਗੁਰੂ ਜੀ, ਭਗਤੀ ਅਨੰਦ ਦੀ ਪ੍ਰਾਪਤੀ ਕਿਵੇਂ ਹੋਵੇ?**

**ਜਵਾਬ:** ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਆਖਦੇ ਹਨ:

ਪ੍ਰਭੂ ਦੀ ਯਾਦ ਸਦਾ ਰੱਖਣੀ ਤੇ ਉਸ ਦੇ ਗੁਣ ਸਦਾ ਗਾਉਂਦੇ ਰਹਿਣਾ। ਜਦ ਚੇਤਨਾ ਗੁਣ ਗਾ ਗਾ ਧੋਤੀ ਜਾਏ ਤੇ ਉਸ ਦੀ ਯਾਦ ਤੋਂ ਬਗੈਰ ਤ੍ਰਿਪਤੀ ਨਾ ਹੋਵੇ। ਆਪਾ ਭਾਵ ਮੁੱਕ ਜਾਏ ਅਤੇ ਆਪਾ ਸਰਬ ਸ਼ਕਤੀਮਾਨ ਵਿੱਚ ਹੀ ਸਮਾ ਜਾਏ। ਇਸ ਤਰ੍ਹਾਂ ਭਗਤੀ ਵਿੱਚੋਂ ਅੰਮ੍ਰਿਤ ਰਸ ਨਿਤਰਦਾ ਹੈ ਤੇ ਉਹ ਅਨੰਦ ਨੂੰ ਪਾ ਲੈਂਦਾ ਹੈ।

**9. ਸਵਾਲ: ਸਤਿਗੁਰੂ ਜੀ, ਸਭ ਤੋਂ ਉੱਤਮ ਕਰਮ ਕਿਹੜਾ ਹੈ?**

**ਜਵਾਬ:** ਨੌਂਵੇਂ ਪਾਤਸ਼ਾਹ ਜੀ ਫ਼ਰਮਾਉਂਦੇ ਹਨ:

ਜੋ ਕੋਲ ਹੈ, ਉਸ ਨੂੰ ਲੋੜਵੰਦਾਂ ਵਿੱਚ ਵੰਡ ਦੇਣਾ। ਇਹ ਬਲ ਪੈਦਾ ਕਰੇ ਕਿ ਜੋ ਆਪਣਾ ਹੈ, ਉਹ ਸਮਾਂ ਆਉਣ ਤੇ ਦੇ ਸਕੇ। ਇਹ ਵੀ ਸੂਝ ਹੋਵੇ ਕਿ ਕਿਸ ਨੂੰ ਦੇਣਾ ਹੈ। ਇਕੱਠਾ ਕੇਵਲ ਨਾਮ ਧਨ ਹੀ ਰੱਖੇ। ਆਪੇ ਦੀ ਕੈਦ ਵਿੱਚੋਂ ਨਿਕਲਣਾ ਹੀ ਵੱਡਾ ਕਰਮ ਹੈ। ਮਾਇਆਧਾਰੀ ਨਾਲੋਂ ਆਪ-ਧਾਰੀ ਜ਼ਿਆਦਾ ਮਾੜਾ ਹੈ। ਪ੍ਰੇਮ ਉਸ ਹਿਰਦੇ ਵਿੱਚੋਂ ਉਪਜਦਾ ਹੈ ਜਿੱਥੇ ਹੋਰ ਕੁਝ ਨਹੀਂ ਹੈ। ਪ੍ਰੇਮ ਦੇ ਭੱਠ ਵਿੱਚ ਪੈ ਕੇ ਆਪਾ ਮੁੱਕਦਾ ਹੈ।

***-ਸਰੋਤ: ਪ੍ਰਿੰਸੀਪਲ ਸਤਿਬੀਰ ਸਿੰਘ ਜੀ ਅਤੇ ਭਾਈ ਪਿੰਦਰਪਾਲ ਸਿੰਘ ਜੀ ਦੀਆਂ ਕਿਰਤਾਂ ਵਿੱਚੋਂ ਧੰਨਵਾਦ ਸਹਿਤ***

OOO

---

*ਪੰਨਾ 12 ਦਾ ਬਾਕੀ ਹਿੱਸਾ—*

ਅਸਰ ਹੋਇਆ ਕਿ ਆਪ ਉਸ ਦਿਨ ਤੋਂ ਬਾਅਦ ਹੋਰ ਗੰਭੀਰਤਾ ਵਿੱਚ ਚਲੇ ਗਏ। ਚੁੱਪ ਰਹਿਣਾ ਸ਼ੁਰੂ ਕਰ ਦਿੱਤਾ। ਅੰਮ੍ਰਿਤਸਰ ਦੀ ਧਰਤੀ 'ਤੇ ਰਹਿੰਦਿਆਂ, ਬਾਲ ਉਮਰ ਹਜ਼ੂਰ ਦੀ ਬਤੀਤ ਹੋਈ ਹੈ।

ਇੱਕ ਬਚਨ ਬੜਾ ਸੋਹਣਾ ਇਤਿਹਾਸਕਾਰ ਕਹਿੰਦੇ ਹਨ ਕਿ ਧੰਨ ਗੁਰੂ ਤੇਗ ਬਹਾਦਰ ਸਾਹਿਬ ਕਦੀ ਕਿਸੇ ਨਾਲ ਜ਼ਿਆਦਾ ਨਹੀਂ ਸਨ ਬੋਲਦੇ। ਧੰਨ ਗੁਰੂ ਤੇਗ ਬਹਾਦਰ ਜੀ ਕਦੀ ਕਿਸੇ ਨਾਲ ਖਿੜ-ਖਿੜਾ ਕੇ ਹੱਸੇ ਨਹੀਂ ਸਨ ਤੇ ਇੱਕ ਵਿਦਵਾਨ ਤਾਂ ਇੱਥੋਂ ਤੱਕ ਕਹਿੰਦਾ ਹੈ ਕਿ ਧੰਨ ਗੁਰੂ ਤੇਗ ਬਹਾਦਰ ਸੱਚੇ ਪਾਤਸ਼ਾਹ ਜੀ ! ਜਦੋਂ ਮੈਂ ਆਪ ਜੀ ਦੇ ਅੰਮ੍ਰਿਤ ਬਚਨ ਪੜ੍ਹਦਾ ਹਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ, ਤੁਸੀਂ ਤਾਂ ਸੋਹਿਲੇ ਰੱਬ ਦੇ ਗਾਏ ਹਨ ਜਾਂ ਮੌਤ ਨੂੰ ਅਵਾਜ਼ਾਂ ਮਾਰੀਆਂ ਹਨ। ਇਤਨੀ ਗੰਭੀਰਤਾ ਤੇ ਇਤਨਾ ਵੈਰਾਗ ਹੈ ਤੁਹਾਡੇ ਅੰਦਰ, ਤਾਂ ਕੀ ਤੁਸੀਂ ਚੰਚਲਤਾਈ ਵਿੱਚ ਕਦੀ ਹੱਸੇ ਹੋਵੋਗੇ? ਅਤਿ ਦੇ ਗੰਭੀਰ ਹਨ ਤੇ ਚੁੱਪ ਰਹਿੰਦੇ ਹਨ।

ਧੰਨ ਗੁਰੂ ਤੇਗ ਬਹਾਦਰ ਜੀ ਦਾ ਨੇਮ ਕੀ ਹੈ? ਗੁਰੂ ਸੰਗਤ ਵਿੱਚ ਆਉਣਾ ਤੇ ਨੀਵੀਂ ਪਾ ਕੇ ਪਿੱਛੇ ਬੈਠ ਜਾਣਾ ਉਨ੍ਹਾਂ ਦਾ ਨੇਮ ਹੈ। ਜੇ ਇਕਾਂਤ ਵਿੱਚ ਹਨ ਤਾਂ ਕੇਵਲ ਅੰਤਰਮੁੱਖੀ ਹੋ ਕੇ ਪਿਆਰੇ ਦੇ ਨਾਮ ਨਾਲ ਜੁੜੇ ਰਹਿਣਾ। ਕੋਈ ਸਮਾਂ ਐਸਾ ਨਹੀਂ ਕਿ ਜਦੋਂ ਧੰਨ ਗੁਰੂ ਤੇਗ ਬਹਾਦਰ ਜੀ ਦੇ ਹਿਰਦੇ ਵਿੱਚੋਂ, ਪਰਮਾਤਮਾ ਦੀ ਯਾਦ ਵਿਸਰੀ ਹੋਵੇ। ਉਨ੍ਹਾਂ ਦੇ ਜੀਵਨ ਵਿੱਚ ਸਿਮਰਨ ਤੋਂ ਲੈ ਕੇ ਸ਼ਹਾਦਤ ਤੱਕ ਦਾ ਇੱਕ ਸਫ਼ਰ ਹੈ। ਇਉਂ ਕਹਿ ਲਉ ਕਿ ਇਬਾਦਤ ਧੰਨ ਗੁਰੂ ਤੇਗ ਬਹਾਦਰ ਜੀ ਦੀ ਨੀਂਹ ਹੈ ਤੇ ਸ਼ਹਾਦਤ ਧੰਨ ਗੁਰੂ ਤੇਗ ਬਹਾਦਰ ਜੀ ਦਾ ਕਲਸ਼ ਹੈ।

OOO

# ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਸ਼ਖਸੀਅਤ ਅਤੇ ਪ੍ਰਭਾ

*—ਪ੍ਰਿੰਸੀਪਲ ਸਤਿਬੀਰ ਸਿੰਘ ਜੀ ਦੀ ਪੁਸਤਕ 'ਇਤਿ ਜਿਨਿ ਕਰੀ' ਵਿੱਚੋਂ ਧੰਨਵਾਦ ਸਹਿਤ*

ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਦ **'ਵਾਰ ਸ੍ਰੀ ਭਗੌਤੀ ਜੀ ਕੀ'** ਪਹਿਲੀ ਪਉੜੀ ਲਿਖੀ ਤਾਂ ਉਸ ਵਿੱਚ ਵੀ ਇਹ ਹੀ ਸੰਕੇਤ ਦਿੱਤਾ ਕਿ ਧੰਨ ਗੁਰੂ ਤੇਗ ਬਹਾਦਰ ਜੀ ਦੇ ਰਾਹ ਇੱਕ ਟਕ ਟੁਰਿਆਂ ਹੀ ਨਉ ਨਿਧਾਂ ਪ੍ਰਾਪਤ ਹੋ ਸਕਦੀਆਂ ਹਨ। ਹੋਰ ਕੋਈ ਰਾਹ ਸੁਖੀ ਹੋਣ ਦਾ ਨਹੀਂ। **'ਤੇਗ ਬਹਾਦਰ ਸਿਮਰੀਐ ਘਰ ਨਉ ਨਿਧਿ ਆਵੈ ਧਾਇ।'** ਉਨ੍ਹਾਂ ਦਾ ਸਾਰਾ ਜੀਵਨ ਹੀ ਦੇਣ, ਵੰਡਣ ਤੇ ਕੁਰਬਾਨੀ ਦਾ ਸੀ ਅਤੇ ਇਹ ਵੀ ਰਾਹ ਹੈ, ਕੌਮ ਨੂੰ ਤਗੜਿਆਂ ਤੇ ਨੌ ਨਿਧਾਂ ਨਾਲ ਭਰਪੂਰ ਕਰਨ ਦਾ। ਧੰਨ ਗੁਰੂ ਤੇਗ ਬਹਾਦਰ ਜੀ ਸਦਾ ਕਿਹਾ ਕਰਦੇ ਸਨ ਕਿ **'ਹਮਰਾ ਬਰਤਨ ਇਹੈ ਸੁਭਾਉ। ਸਹਿਜੈ ਆਵਉ ਸਹਿਜੇ ਜਾਉ।'** ਮਾਇਆ ਜੋੜਨ ਲਈ ਨਹੀਂ, ਵਰਤਣ ਲਈ ਹੈ। ਜੇ ਪਾਸ ਹੋਵੇ ਤਾਂ ਗਰੀਬਾਂ, ਲੋੜਵੰਦਾਂ ਅਤੇ ਨਿਰਧਨਾਂ 'ਤੇ ਖਰਚ ਕਰਨੀ ਚਾਹੀਦੀ ਹੈ। ਇੱਕ ਵਾਰੀ ਇੱਕ ਗ੍ਰਹਿਸਤੀ ਨੇ ਜਦ ਮਾਇਆ ਭੇਂਟ ਕੀਤੀ ਤਾਂ ਕਹਿਣ ਲੱਗੇ ਕਿ ਇਸ ਦੀ ਤੈਨੂੰ ਬਹੁਤੀ ਲੋੜ ਹੈ ਅਤੇ ਉਸੇ ਨੂੰ ਵਾਪਸ ਦੇ ਦਿੱਤੀ।

## ਸੀਸ ਦੇ ਜਗ ਠਹਰਾਯੰ :

**'ਰਾਮਕਲੀ ਵਾਰ ਪਾਤਸ਼ਾਹੀ ਦਸਵੀਂ ਕੀ'** ਕ੍ਰਿਤ ਭਾਈ ਗੁਰਦਾਸ ਜੀ (ਦੂਜੇ) ਨੇ ਲਿਖਿਆ ਹੈ ਕਿ ਧੰਨ ਗੁਰੂ ਨਾਨਕ ਦੇਵ ਜੀ ਦੇ ਘਰ ਦੀ ਰੀਤ ਹੈ ਕਿ ਕੋਈ ਉਨ੍ਹਾਂ ਨੂੰ ਪੁਕਾਰੇ, ਉਸ ਦਾ ਕਾਰਜ ਸੰਵਾਰਨ ਲਈ ਉਹ ਟੁਰ ਪੈਂਦੇ ਹਨ। ਉਨ੍ਹਾਂ ਦੇ ਹੀ ਰੂਪ ਧੰਨ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਸੀਸ ਦੇ ਕੇ ਜਾਂਦੇ ਜਗਤ ਨੂੰ ਰੱਖ ਲਿਆ। ਕਰਾਮਾਤ ਨਾ ਦੱਸੀ। ਮੁਗ਼ਲਾਂ ਦਾ ਭੜ ਤੋੜਿਆ। ਇਸ ਕੁਰਬਾਨੀ ਦਾ ਸਦਕਾ ਮੁਗ਼ਲਾਂ ਨੂੰ ਐਸੀ ਸੱਟ ਵੱਜੀ ਕਿ ਉਨ੍ਹਾਂ ਦਾ ਖੁਰਾ-ਖੋਜ ਹੀ ਮੁੱਕ ਗਿਆ :

***ਗੁਰੂ ਤੇਗ ਬਹਾਦਰ ਸਾਂਗ ਰਚਾਇਅੰ।***
***ਜਿਹ ਆਪਨ ਸੀਸ ਦੇ ਜਗ ਠਹਰਾਯੰ।***
***ਇਸ ਬਿਧਿ ਮੁਗਲਨ ਕੋ ਭਰਮਾਇਓ।***
***ਤਬ ਸਤਿਗੁਰ ਆਪਨਾ ਬਲ ਨ ਜਨਾਇਓ।***
***ਇਹ ਮੁਗਲਨ ਕੋ ਦੋਖ ਲਗਾਨਾ।***
***ਹੋਇ ਖਰਾਬ ਖਪਿ ਗਏ ਨਿਦਾਨਾ ॥੨੩॥***

**ਸ਼ਖਸੀਅਤ**- ਗਿਆਨੀ ਗਿਆਨ ਸਿੰਘ ਜੀ ਨੇ ਗੁਰੂ ਜੀ ਦੀ ਸ਼ਬਦੀ ਮੂਰਤ ਖਿੱਚਦੇ ਲਿਖਿਆ ਹੈ:

***ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤਿ ਸੁੰਦਰ,***
***ਗੌਰਵਰਨ, ਮੋਟੇ ਨਕਸ਼, ਆਹੂ ਨੇਤ੍ਰ ਰਤਨ ਸੇ,***
***ਚੌੜੀ ਛਾਤੀ, ਉੱਚੇ ਕੰਧੇ, ਭੁਜਾਂ ਪ੍ਰਲੰਬ,***
***ਸਿੱਧੀ ਚੁਗਿਰਦ ਦਾਹੜੀ, ਗੋਲ ਚਿਹਰਾ,***
***ਮੱਥਾ ਉੱਚਾ, ਬਹੁਤ ਧੀਰਜੀ, ਸੰਤੋਖੀ,***
***ਜਤੀ, ਸਤੀ, ਦੂਰ-ਅੰਦੇਸ਼ੀ,***
***ਸੱਚੇ ਧਰਮ-ਵੈਰਾਗ ਦੀ ਮੂਰਤਿ,***
***ਬ੍ਰਹਮ ਗਿਆਨ ਦੀ ਸੂਰਤ,***
***ਸਿਧੇ ਸਾਦੇ ਸੁਭਾਅ, ਭੋਲੇ ਭਾਲੇ ਸਤ ਪੁਰਖ।***

ਉਨ੍ਹਾਂ ਦੇ ਚਿਹਰੇ ਦੀ ਕਿਤਨੀ ਪ੍ਰਭਾ ਹੋਵੇਗੀ, ਉਸ ਦਾ ਅੰਦਾਜ਼ਾ ਇੱਥੋਂ ਹੀ ਲਗਾਇਆ ਜਾ

ਸਕਦਾ ਹੈ ਕਿ ਜਦ ਬੁਲਾਕੀ ਦਾਸ ਦੀ ਮਾਂ ਇੱਕ ਬਹੁਤ ਵੱਡਾ ਕਲਾਕਾਰ ਧੰਨ ਗੁਰੂ ਤੇਗ ਬਹਾਦਰ ਜੀ ਦੀ ਤਸਵੀਰ ਬਣਾਉਣ ਲਈ ਲਿਆਈ ਤਾਂ ਬਾਕੀ ਦੇ ਅੰਗ ਬਸਤਰ ਤਾਂ ਉਸ ਬਣਾ ਲਏ ਪਰ '**ਮੁੱਖ ਕਮਲ ਪ੍ਰਭਾ ਦੇਖ ਨਾ ਸਕਾ।**' ਉਸਦੀ ਦੀਨ ਦਸ਼ਾ ਦੇਖ ਕੇ ਹੀ ਮਹਾਰਾਜ ਨੇ ਆਪ ਕਲਮ ਹੱਥ ਲੀਨੀ ਅਤੇ '**ਨਿਜ ਹਾਥਿ ਸੁਆਰ ਸੰਪੂਰਨ ਕੀਨੀ।**' ਧੀਰਜਵਾਨ ਇਤਨੇ ਕਿ ਗੋਲੀ ਮੱਥੇ 'ਤੇ ਲੱਗਣ ਉਪਰੰਤ ਵੀ 'ਭਲੇ ਧੀਰ ਮਲ, ਭਲੇ ਧੀਰ ਮਲ, ਭਲੇ' ਹੀ ਕਹਿੰਦੇ ਰਹੇ। ਨਿਰਲੇਪ ਇਤਨੇ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਬੰਦ ਹੋਣ 'ਤੇ ਬਾਹਰੋਂ ਹੀ ਸਰੋਵਰ ਵਿੱਚ ਇਸ਼ਨਾਨ ਕਰ ਕੇ ਚਲੇ ਗਏ। ਧੰਨ ਗੁਰੂ ਤੇਗ ਬਹਾਦਰ ਜੀ ਦੇ ਸ਼ਾਂਤ ਚਿੱਤ ਸੁਭਾਅ ਬਾਰੇ ਸਿੰਘ ਸਾਗਰ ਵਿੱਚ ਲਿਖਿਆ ਹੈ ਕਿ ਸਦਾ ਦੀਨਨ ਦੀ ਰੱਛਿਆ ਕਰਨ ਲਈ ਤੱਤਪਰ ਰਹਿੰਦੇ ਸਨ। ਗਰੀਬ ਉਨ੍ਹਾਂ ਦੇ ਦਰਸ਼ਨ ਕਰ ਸੁੱਖ ਆਉਂਦਾ ਦੇਖਦੇ ਸਨ। ਸ਼ਾਂਤ ਸੁਭਾਅ ਇਤਨਾ ਕਿ ਕਦੇ ਕੌੜਾ ਤੱਤਾ ਸ਼ਬਦ ਵੀ ਮੁੱਖੋਂ ਨਾ ਕੱਢਿਆ। ਨਾਮ ਵਿੱਚ ਹੀ ਟਿਕੇ ਰਹਿੰਦੇ ਤੇ ਰਾਜ ਵਿੱਚ ਜੋਗ ਦਾ ਨਮੂਨਾ ਸਨ:

***''ਆਦ ਸਦਾ ਬ੍ਰਤਏ ਜਿਨ ਕੇ ਪਿਖ***
***ਦੀਨਨ ਪੈ ਕਰਨੀ ਸੁਖ ਛਾਇਆ।***
***ਸੀਤ ਸੁਭਾਵ ਸਦਾ ਜਿਨ ਕੋ,***
***ਕਬਹੁ ਨਹਿ ਤਾਮਸ ਵਾਕ ਅਲਾਇਆ।***
***ਨਾਮ ਅਧਾਰ ਰਹੇ ਦਿਨ ਰੈਨ ਸਦਾ***
***ਜਿਨ ਰਾਜ ਮੈ ਜੋਗ ਕਮਾਇਆ।''***

ਦਰਦਵੰਦ ਇਤਨੇ ਕਿ ਚਾਰ ਸਾਲ ਦੇ ਸਨ ਕਿ ਆਪਣੇ ਵੱਡੇ ਭਰਾ ਬਾਬਾ ਗੁਰਦਿੱਤਾ ਜੀ ਦੀ ਬਾਰਾਤ ਜਾਂਦਿਆਂ ਜਦ ਇੱਕ ਹਾਣ ਦੇ ਬੱਚੇ ਨੂੰ ਨੰਗਾ ਦੇਖਿਆ ਤਾਂ ਸਭ ਬਸਤਰ ਉਤਾਰ, ਕੰਗਨ ਲਾਹ, ਕੈਂਠਾ ਉਸ ਦੇ ਗਲ ਪਾ ਦੌੜਦੇ ਨੰਗੇ ਮਾਂ ਕੋਲ ਆ ਗਏ। ਜੇ ਚਾਰ ਸਾਲ ਦੇ ਸਨ ਤਾਂ ਇੱਕ ਦਾ ਨੰਗੇਜ ਨਾ ਦੇਖ ਸਕੇ ਅਤੇ ਜਦ ਹਿੰਦੁਸਤਾਨ ਨੂੰ ਨੰਗਿਆਂ ਕੀਤਾ ਜਾਣ ਲੱਗਾ ਤਾਂ ਆਪ ਜੀ ਨੇ ਸਰੀਰ ਰੂਪੀ ਚਾਦਰ ਪਾ ਕੇ ਇਸ ਨੂੰ ਨੰਗੇ ਹੋਣ ਤੋਂ ਬਚਾ ਲਿਆ। ਸੈਨਾਪਤੀ ਨੇ ਇਸੇ ਪ੍ਰਸੰਗ ਵਿੱਚ ਲਿਖਿਆ ਸੀ:

***ਪ੍ਰਗਟ ਭਏ ਗੁਰੂ ਤੇਗ ਬਹਾਦਰ***
***ਸਗਲ ਸ੍ਰਿਸਟ ਪੈ ਢਾਪੀ ਚਾਦਰ***

ਦਰਦਵੰਦ ਦੀ ਹੋਰ ਉਦਾਹਰਣ। ਉਨ੍ਹਾਂ ਦਾ ਇਹ ਹੁਕਮਨਾਮਾ ਹੈ ਜੋ ਉਨ੍ਹਾਂ ਘੋੜੇ ਸ੍ਰੀ ਧਰ ਦੇ ਢਿੱਲੇ ਹੋਣ 'ਤੇ ਬਨਾਰਸ ਦੀ ਸੰਗਤ ਦੇ ਨਾਂ ਲਿਖਿਆ। ਘੋੜੇ ਤੱਕ ਦੀ ਤਕਲੀਫ ਵੀ ਨਾ ਸਹਾਰੀ ਗਈ। ਦੂਰ-ਅੰਦੇਸ਼ੀ ਇਤਨੇ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਉਸਾਰੀ ਵੇਲੇ ਹੀ ਕਹਿ ਦਿੱਤਾ ਕਿ ਐਸਾ ਅਸਥਾਨ ਬਣਾਉਣਾ ਹੈ ਜੋ ਅਜਿੱਤ ਹੋਵੇ। ਸ੍ਰੀ ਅਨੰਦਪੁਰ ਸਾਹਿਬ ਦਾ ਸਮੁੱਚਾ ਨਕਸ਼ਾ ਆਪ ਜੀ ਨੇ ਬਣਾਇਆ ਸੀ। ਹਿੰਦੁਸਤਾਨ ਦੇ ਦੌਰੇ 'ਤੇ ਹੀ ਆਪ ਨੇ ਦੇਖ ਲਿਆ ਕਿ '**ਬਿਨ ਸਿਰ ਦੀਏ ਜਗਤ ਦੁਖ ਪਾਈ।**' ਸੰਤੋਖੀ ਇਤਨੇ ਕਿ ਜਦ ਮੱਖਣ ਸ਼ਾਹ ਜੀ ਧੀਰ ਮਲ ਘਰੋਂ ਗੁਰੂ ਘਰ ਦਾ ਹੀ ਲੁੱਟਿਆ ਮਾਲ ਵਾਪਸ ਲਿਆਏ ਤਾਂ ਆਪ ਜੀ ਨੇ '**ਸਭ ਦੇਵਹੁ ਤਿਸ ਢਿਗ ਪਹੁਚਾਯੋ**' ਦਾ ਹੁਕਮ ਦੇ ਦਿੱਤਾ। ਜਦ ਜ਼ਰਾ ਜੱਕੋ ਤੱਕੋ ਕਰਦੇ ਦੇਖਿਆ ਤਾਂ ਫਿਰ ਬਚਨ ਕੀਤਾ '**ਦਰਬ ਕੇ ਕਾਰਨੇ, ਕੁਛ ਗੁਰ ਮਹਾਰਾਜ ਨੇ, ਨਹੀਂ ਬੈਠ ਇਹ ਦੁਕਾਨ ਪਾਈ**' ਮਸੰਦਾਂ ਪ੍ਰਤੀ ਵੀ ਇਹ ਹੀ ਫ਼ਰਮਾਇਆ ਹੈ ਕਿ ਇਨ੍ਹਾਂ ਨੂੰ ਸਜ਼ਾ ਦੇਣ ਦੀ ਕੀ ਲੋੜ ਹੈ, ਇਨ੍ਹਾਂ ਨੂੰ ਤਾਂ ਪਹਿਲਾਂ ਹੀ ਲੋਭ ਨੇ ਮਾਰਿਆ ਹੋਇਆ ਹੈ। '**ਧਰੇ ਲੋਭ ਇਹ ਮਰੇ ਅਗਾਰੀ।**' ਬਖਤ ਮਲ ਨੇ ਖਾਲਸਾਨਾਮਾ ਵਿੱਚ ਲਿਖਿਆ ਹੈ ਕਿ ਉਹ ਬਹੁਤ ਹੀ ਸੰਤੋਖੀ ਸਨ। ਜੋ ਵੀ ਸਿੱਖ ਸੇਵਕ ਉਨ੍ਹਾਂ ਨੂੰ ਭੇਟ ਕਰਦੇ ਉਹ ਉਸ ਵੇਲੇ ਵੰਡ ਦਿੰਦੇ, ਆਪਣੇ ਪਾਸ ਰਤਾ ਵੀ ਨਾਂਹ ਰੱਖਦੇ

ਸਨ।

ਗੁਲਗਸ਼ਤਿ ਪੰਜਾਬ ਦੇ ਲਿਖਾਰੀ ਰਾਜਾ ਰਾਮ ਤੋਤਾ ਨੇ ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਜੀ ਦੀ ਉਪਮਾ ਕਰਦੇ ਲਿਖਿਆ ਹੈ ਕਿ ਉਹ ਰੱਬ ਪ੍ਰਾਪਤੀ ਦੇ ਰਾਹ, ਤਰੀਕਤ ਦੇ ਅੰਧੇਰੇ ਵਿੱਚ ਰੌਸ਼ਨੀ ਬਿਖੇਰਨ ਵਾਲੇ ਮਿਸ਼ਾਲਚੀ (ਸ਼ੁਅਲਾ ਦਾਰ-ਇ-ਸ਼ਬਸ-ਤਾਨ ਤਰੀਕਤ) ਹਨ।

ਸੱਚ ਦੀ ਜਰਨੈਲੀ ਸੜਕ ਦੇ ਮੁਸਾਫਰ ਹਨ, ਹੋਰ ਕਿਸੇ ਪਾਸੇ ਝਾਕਦੇ ਹੀ ਨਹੀਂ। (ਜਾਦਇ ਪੈਮਾਈ ਸ਼ਾਹ ਰਾਹ ਹਕੀਕਤ)।

ਗੁਪਤ ਤੇ ਪ੍ਰਗਟ ਤੋਸ਼ਾ-ਖਾਨਿਆਂ ਦੇ ਕੁੰਜੀ ਬਰਦਾਰ ਹਨ (ਗੰਜੂਰ-ਇ-ਗੰਜੀਨਾ-ਇ ਕਸ਼ਫ ਊ ਸ਼ਹਵਦ)

ਆਤਮਕ ਉਚਾਈਆਂ ਨੂੰ ਉਨ੍ਹਾਂ ਹੀ ਛੋਹਿਆ ਹੈ ਤੇ ਜਿਨ੍ਹਾਂ ਹੋਰਨਾਂ ਨੇ ਛੋਹਿਆ, ਉਹ ਜਾਣਦੇ ਹਨ, ਗ੍ਰਹਿਾਂ ਦੀ ਚਾਲ ਦੇ ਜਾਣੂੰ ਹਨ। ਉਨ੍ਹਾਂ 'ਤੇ ਕੋਈ ਗ੍ਰਹਿ ਪ੍ਰਭਾਵ ਨਹੀਂ ਪਾ ਸਕਦਾ। ਸਭ ਤੋਂ ਵੱਡੀ ਗੱਲ ਗੁਰੂ ਤੇਗ ਬਹਾਦਰ ਜੀ ਹੰਕਾਰ ਦੀਆਂ ਜੜ੍ਹਾਂ ਨੂੰ ਜੁਗ ਜੁਗ ਕੱਟਣ ਵਾਲੀ ਰੇਤੀ ਹਨ (ਦਿਲਖਰਾਸ ਸੋਹਾਨਿ ਅਸਾਸਿ ਤਫਾਖਰ)

ਇੱਥੋਂ ਤੱਕ ਕਿ ਔਰੰਗਜ਼ੇਬ ਨੇ ਵੀ ਆਪ ਜੀ ਨੂੰ ਸੰਬੋਧਨ ਕਰਦੇ ਹੋਏ: ਅਲਾਹ ਦੇ ਫ਼ਕੀਰਾਂ ਦੇ ਸਰਬਰਾਹ, ਰੱਬ ਦੇ ਵਲੀਆਂ ਦੇ ਸਿਰਤਾਜ, ਰੱਬ ਦੇ ਢੂੰਡਾਊਆਂ ਦੇ ਆਗੂ ਤੇ ਅਲਾਹ ਦੇ ਜਾਣਨ ਵਾਲਿਆਂ ਦੇ ਮੁਖੀ ਕਿਹਾ ਸੀ।

## ਆਗਿਆਕਾਰ ਪੁੱਤਰ :

ਆਪ ਜੀ ਜਿੱਥੇ ਮਹਾਨ ਗੁਰੂ ਸਨ, ਉੱਥੇ ਇੱਕ ਆਗਿਆਕਾਰ ਪੁੱਤਰ ਵੀ ਸਨ। ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਆਗਿਆ ਵਿੱਚ ਸਦਾ ਰਹਿੰਦੇ। ਹਮੇਸ਼ਾ ਦਰਬਾਰ ਵਿੱਚ ਵੀ ਉੱਥੇ ਹੀ ਬੈਠਦੇ ਜਿੱਥੇ ਪਿਤਾ ਦੀ ਨਜ਼ਰ ਸਾਹਮਣੇ ਰਹੇ ਤਾਂ ਕਿ ਉਨ੍ਹਾਂ ਦਾ ਇਸ਼ਾਰਾ ਹੁੰਦੇ ਸਾਰ ਹੁਕਮ ਬਜਾ ਲਿਆਇਆ ਜਾਵੇ। ਜੇ ਪਿਤਾ ਜੀ ਨੇ ਤਲਵਾਰ ਉਠਾ ਆਗਿਆ ਜੰਗ ਜੂਝਣ ਲਈ ਕੀਤੀ ਤਾਂ ਐਸੀ ਤਲਵਾਰ ਚਲਾਈ ਕਿ ਤੇਗ ਦਾ ਬਹਾਦਰ ਹੋਣਾ ਸਿੱਧ ਕਰ ਦਿੱਤਾ। ਜੇ ਉਨ੍ਹਾਂ ਹੁਕਮ ਕੀਤਾ ਕਿ 'ਬਾਬਾ ਬਕਾਲਾ' ਚਲੇ ਜਾਓ ਤਾਂ ਕੋਈ ਕਿੰਤੂ ਨਹੀਂ, ਕੋਈ ਗਿਲਾ ਨਹੀਂ। ਧੰਨ ਗੁਰੂ ਹਰਿਰਾਇ ਜੀ ਨੂੰ ਮੱਥਾ ਟੇਕ ਕੇ ਬਾਬਾ ਬਕਾਲਾ ਚਲੇ ਗਏ। ਕਿਸੇ ਵੇਲੇ ਵੀ ਕੋਈ ਪੁੱਤਰਾਂ ਵਾਲਾ ਦਾਅਵਾ ਨਾ ਕੀਤਾ।

## ਸੁਹਿਰਦ ਪਤੀ :

ਆਪ ਜੀ ਨੇ ਇੱਕ ਵਾਰੀ ਫ਼ਰਮਾਇਆ ਸੀ ਕਿ

***'ਸਭਿ ਆਸ਼ਰਤ ਤੇ ਗ੍ਰਹਿਸਤ ਉਦਾਰਾ।***
***ਜੇ ਗ੍ਰਹਿਸਤ ਤੇ ਉਤਰਹਿ ਪੂਰਾ।***
***ਅੰਤ ਕਾਲ ਪ੍ਰਾਪਤ ਪਦ ਰੂਰਾ।'***

ਆਪ ਜੀ ਮਾਤਾ ਗੁਜਰੀ ਜੀ ਦਾ ਸਦਾ ਧਿਆਨ ਰੱਖਦੇ। ਉਨ੍ਹਾਂ ਦੇ ਸੁੱਖ ਸੰਭਾਲ ਲਈ ਕਦੀ ਢਿੱਲ ਨਾ ਕਰਦੇ। **'ਰਾਹ ਮੁਕਾਮ ਅਤੇ ਢਾਕਾ ਤੋਂ ਲਿਖੇ ਹੁਕਮਨਾਮੇ'** ਇਸ ਗੱਲ ਦੀ ਗਵਾਹੀ ਭਰਦੇ ਹਨ। ਇੱਕ ਹੁਕਮਨਾਮੇ ਵਿੱਚ ਉਨ੍ਹਾਂ ਪਟਨਾ ਦੀ ਸੰਗਤ ਨੂੰ ਲਿਖਿਆ ਸੀ :

***ਕੋਈ ਅਵਲ ਹਵੇਲੀ ਹੋਵੈ***
***ਬਡੀ ਹੋਵੈ***
***ਤਿਸ ਮੋ ਕਬੀਲੇ ਹਮਾਰੇ ਰਖਣੈ।***

ਪੇੜ੍ਹੀ ਬਾਈ ਦਾ ਨਾਂ ਉਚੇਚਾ ਲਿਖਿਆ ਸੀ ਤਾਂ ਕਿ ਉਹ ਪਾਸ ਰਹੇ। ਆਪ ਜੀ ਨੇ ਜਿਵੇਂ ਬੇਟੇ ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਤੋਂ ਲੈ ਕੇ 'ਧਰਮ ਕਰਮ' ਆਉਣ ਤਕ ਦੇਖ-ਰੇਖ ਰੱਖੀ, ਉਹ ਸਭ ਮਾਪਿਆਂ ਲਈ ਇੱਕ ਚੁਣੌਤੀ ਹੈ। ਪਹਿਲਾਂ ਗੁਰੂ ਬੇਟੇ ਦੇ ਜਨਮ ਵੇਲੇ ਵਧਾਈ ਲੈਣੀ ਅਤੇ ਖੁਸ਼ੀ ਕਰਨੀ, ਫਿਰ ਉਨ੍ਹਾਂ ਦਾ ਖਿਆਲ ਰੱਖਣ ਲਈ ਅਤੇ ਖਾਸ ਕਰ ਜਦ ਗੁਰੂ ਗੋਬਿੰਦ (ਸਿੰਘ) ਰਿੜ੍ਹਨ ਲੱਗੇ

ਤਾਂ ਖੁੱਲ੍ਹੇ ਵਿਹੜੇ ਵਿੱਚ ਖੂਹ ਹੋਣਾ ਸੁਣ ਕੇ ਇੱਥੋਂ ਤੱਕ ਲਿਖਿਆ ਕਿ ਖੂਹ ਬੰਦ ਕਰਵਾਇ ਦੇਣਾ, ਕਿਧਰੇ ਬੱਚਾ ਬੀਚ ਨ ਜਾਇ ਪਵੈ। ਫਿਰ ਦੂਜੇ ਪਾਸੇ ਪਟਨਾ ਵਾਲਿਆਂ ਗੁਰੂ ਗੋਬਿੰਦ ਸਿੰਘ ਜੀ ਦੇ ਚੋਜ ਦੇਖ ਜ਼ਰਾ ਕੁ ਚਿੰਤਾ ਪ੍ਰਗਟ ਕੀਤੀ ਤਾਂ ਆਪ ਜੀ ਨੇ ਲਿਖਿਆ: 'ਜੋ ਗੋਬਿੰਦ ਕੀਆ ਭਲਾ ਕੀਆ।' ਬਾਲਕ ਦੀ ਪੜ੍ਹਾਈ, ਸਿਖਲਾਈ ਅਤੇ ਹੋਰ ਵਿੱਦਿਆ ਲਈ ਦੂਰੋਂ-ਦੂਰੋਂ ਵਿਦਵਾਨ ਬੁਲਾ ਕੇ ਭਾਂਤ-ਭਾਂਤ ਦੀ ਸਿੱਖਿਆ ਦਿੱਤੀ। ਬਚਿੱਤਰ ਨਾਟਕ ਵਿੱਚ ਲਿਖੇ ਕਲਗੀਧਰ ਦੇ ਆਪਣੇ ਸ਼ਬਦ ਪ੍ਰਗਟ ਕਰਦੇ ਹਨ ਕਿ ਉਹ ਕੈਸੇ ਪਿਆਰੇ ਅਤੇ ਮਹਾਨ ਪਿਤਾ ਸਨ :

*'ਮਦ੍ਰ ਦੇਸ ਹਮ ਕੋ ਲੇ ਆਏ।*
*ਭਾਂਤਿ ਭਾਂਤਿ ਦਾਈਅਨ ਦੁਲਰਾਏ ॥੨॥*
*ਕੀਨੀ ਅਨਿਕ ਭਾਂਤ ਤਨ ਰਛਾ।*
*ਦੀਨੀ ਭਾਂਤਿ ਭਾਂਤਿ ਕੀ ਸਿਛਾ।'*

## ਸਖਾ-ਮਿੱਤਰ :

ਆਪ ਜੀ ਇੱਕ ਐਸੇ ਮਿੱਤਰ ਸਨ, ਜਿਨ੍ਹਾਂ ਮਿੱਤਰ ਬਣਾਉਣ ਤੇ ਰੱਖਣ ਦੀ ਜਾਚ ਸਿਖਾਈ। ਮਿੱਤਰ ਬਣਾਉਣ ਤੇ ਰੱਖਣ ਦਾ ਇੱਕ ਹੀ ਵੱਲ ਉਨ੍ਹਾਂ ਦੱਸਿਆ : **'ਬਾਂਹਿ ਜਿਨ੍ਹਾਂ ਦੀ ਪਕੜੀਐ ਸਿਰ ਦੀਜੈ ਬਾਂਹਿ ਨ ਛੋੜੀਐ।'** ਸੈਫ਼ ਖਾਨ ਉਨ੍ਹਾਂ ਦਾ ਮਿੱਤਰ ਸੀ ਅਤੇ ਜਿੱਥੇ ਵੀ ਗਏ ਮਿੱਤਰ ਦੀ ਯਾਦ ਨਾਲ ਰੱਖੀ। ਜਿੱਥੇ ਵੀ ਚੰਗੀ, ਸੋਹਣੀ ਜਾਂ ਤਿਲ ਲੁਭਾਉਂਦੀ ਵਸਤੂ ਦੇਖੀ, ਮਿੱਤਰ ਲਈ ਖਰੀਦ ਉਸ ਨੂੰ ਪਹੁੰਚਾਈ। ਸੈਫ਼ ਖਾਨ ਨੇ ਮਿੱਤਰਾਨਾ ਤੋੜ ਨਿਭਾਇਆ। ਔਰੰਗਜ਼ੇਬੀ ਅਤਾਬ ਤੋਂ ਨਾ ਡਰਦਿਆਂ ਵੀ ਚਾਰ ਮਹੀਨੇ ਆਪਣੇ ਪਾਸ ਰੱਖਿਆ। ਫਿਰ ਸੈਫ਼ ਖਾਨ ਨੇ ਮਿੱਤਰ ਦੀ ਸ਼ਹਾਦਤ ਪਿੱਛੋਂ 40 ਦਿਨ ਮਾਤਮੀ ਲਿਬਾਸ ਪਾਈ ਰੱਖਿਆ।

ਰਤਾ ਟਾਕਰਾ ਕਰੋ ਸੱਚੇ ਪਾਤਸ਼ਾਹ ਦਾ ਝੂਠੇ ਦੁਨਿਆਵੀ ਬਾਦਸ਼ਾਹ ਔਰੰਗਜ਼ੇਬ ਨਾਲ, ਜੋ ਆਪਣੇ ਪਿਤਾ ਸ਼ਾਹ ਜਹਾਨ ਨੂੰ ਕੈਦ ਕਰ ਤਸੀਹੇ ਦੇ ਕੇ ਮਾਰਦਾ ਹੈ। ਜੋ ਆਪਣੇ ਭਰਾਵਾਂ- ਦਾਰਾ, ਸ਼ੁਜਾਹ ਤੇ ਮੁਰਾਦ ਨੂੰ ਮਾਰ ਮੁਕਾਂਦਾ ਹੈ। ਜੋ ਆਪਣੀ ਸਕੀ ਭੈਣ ਰੌਸ਼ਨ ਆਰਾ ਨੂੰ ਹਲਕਾ-ਹਲਕਾ ਜ਼ਹਿਰ ਦੇ ਪਾਰ ਪਹੁੰਚਾਂਦਾ ਹੈ। ਜੋ ਆਪਣੀ ਬੇਟੀ ਜ਼ੇਬ-ਉਨ-ਨਿਸਾ ਨੂੰ ਜ਼ਹਿਰ ਦੇ ਮਾਰਦਾ ਹੈ। ਜੋ ਸਦਾ ਸਾਥ ਨਿਭਾਉਣ ਵਾਲੇ ਮਿਰਜ਼ਾ ਜੈ ਸਿੰਘ ਤੱਕ ਨੂੰ ਜ਼ਹਿਰ ਦੀ ਪੁੜੀ ਭੇਜਦਾ ਹੈ।

ਭਾਵੇਂ ਭਾਈ ਦਇਆਲਾ ਜੀ ਉਨ੍ਹਾਂ ਦੇ ਅਨਿਨ ਸਿੱਖ ਸਨ, ਪਰ ਇੱਕ ਪ੍ਰਕਾਰ ਦੇ ਉਹ ਮਿੱਤਰ-ਸਾਥੀ ਸਨ। ਇਤਨਾ ਵਿਸ਼ਵਾਸ ਭਾਈ ਦਇਆਲਾ ਜੀ 'ਤੇ ਗੁਰੂ ਜੀ ਕਰਦੇ ਸਨ ਕਿ ਹੁਕਮਨਾਮਿਆਂ ਵਿੱਚ ਲਿਖਿਆ ਕਿ ਭਾਈ ਦਇਆਲਾ ਜੀ ਦਾ ਕਿਹਾ 'ਗੁਰ ਦਾ ਬਚਨ' ਜਾਣਨਾ। ਉਨ੍ਹਾਂ ਨੂੰ ਦਿੱਤੀ ਕਾਰ ਭੇਟ ਗੁਰੂ ਨੂੰ ਪੁੱਜੀ ਜਾਣੋ। ਉਨ੍ਹਾਂ ਨੂੰ 'ਭਾਈ' ਕਰ ਕੇ ਲਿਖਦੇ ਸਨ।

ਇੱਕ ਸਿੱਖ ਭਾਈ ਬਠੇ ਨੂੰ ਆਪਣਾ ਬੇਟਾ ਤੱਕ ਕਿਹਾ ਹੈ। ਹੁਕਮਨਾਮੇ ਵਿੱਚ ਬਨਾਰਸ ਦੀ ਸੰਗਤ ਦੇ ਨਾਂ ਲਿਖਿਆ, **"ਜੁ ਸਿਖ ਭਾਈ ਬਠੇ ਨਾਲਿ ਦਰਸਨਿ ਆਵਗੁ, ਸੋ ਨਿਹਾਲ ਹੋਗ। ਗੁਰੂ ਓਸ ਦੇ ਸਭ ਕੰਮ ਰਾਸਿ ਕਰੇਗਾ।"**

ਕਿਤਨਾ ਪਿਆਰ ਸਿੱਖਾਂ ਨਾਲ ਕਰਦੇ ਹੋਣਗੇ, ਉਸ ਦੀ ਉਦਾਹਰਣ ਇੱਕ ਹੋਰ ਹੁਕਮਨਾਮਾ ਹੈ, ਜਿਸ ਵਿੱਚ ਉਨ੍ਹਾਂ ਲਿਖਿਆ:

*'ਹਮ ਤੁਮਾਰਾ ਬੈਠੇ ਰਾਹ ਦੇਖਦੇ ਹਾਂ।*
*ਬਹੁਤ ਸਿਤਾਬ ਆਵਣਾ।*
*ਗੁਰੂ ਸੰਗਤਿ ਕੀ ਬਾਹੁੜੀ ਕਰੇਗਾ।'*

ਸਿੱਖਾਂ ਨਾਲ ਵੀ ਇਤਨਾ ਪਿਆਰ ਕਰਦੇ ਸਨ ਕਿ ਹਰ ਉੱਘੇ ਸਿੱਖ ਨੂੰ ਹੁਕਮਨਾਮੇ ਵਿੱਚ ਯਾਦ ਕਰਦੇ ਸਨ। ਕਿਤਨੇ ਹੀ ਸਿੱਖਾਂ ਦੇ ਨਾਂ ਉਨ੍ਹਾਂ

ਆਪਣੇ ਹੱਥੀਂ ਹੁਕਮਨਾਮਿਆਂ ਵਿੱਚ ਲਿਖੇ। ਸਿੱਖਾਂ ਵੀ ਉਨ੍ਹਾਂ ਨਾਲ ਪਿਆਰ ਦੀ ਹੱਦ ਕਰ ਦਿੱਤੀ। ਭਾਈ ਮਤੀ ਦਾਸ ਜੀ, ਭਾਈ ਦਇਆਲਾ ਜੀ, ਭਾਈ ਸਤੀ ਦਾਸ ਜੀ ਦਾ ਉਨ੍ਹਾਂ ਤੋਂ ਪਹਿਲਾਂ ਸ਼ਹੀਦ ਹੋਣਾਂ ਇੱਕ ਪ੍ਰਕਾਰ ਦਾ ਸਿੱਖ ਦਾ ਗੁਰੂ ਤੋਂ ਸਦਕੇ ਹੋਣਾ ਹੀ ਹੈ। ਪਿੱਛੋਂ ਭਾਈ ਜੈਤਾ ਜੀ ਨੇ ਜਾਨ 'ਤੇ ਖੇਡ ਕੇ, ਭਾਈ ਨਾਨੂ ਜੀ, ਭਾਈ ਲੱਖੀ ਸ਼ਾਹ ਜੀ, ਭਾਈ ਨਗਾਹੀਆ ਜੀ ਤੇ ਹੋਰ ਅਨੇਕਾਂ ਨੇ ਸਿੱਖੀ ਪਿਆਰ ਦ੍ਰਿੜ੍ਹਾਇਆ। ਉਸ ਨਾ-ਮਾਲੂਮ ਸਿੱਖ ਨੇ ਤਾਂ ਹੱਦ ਹੀ ਕਰ ਦਿੱਤੀ ਜਿਸ ਦੋ ਇੱਟਾਂ ਔਰੰਗਜ਼ੇਬ ਨੂੰ ਕੱਢ ਮਾਰੀਆਂ।

## ਗੁਰੂ ਪਾਤਸ਼ਾਹ :

ਆਪ ਜੀ ਉਸੇ ਚਿਰਾਗ ਦੀ ਰੌਸ਼ਨੀ ਸਨ, ਜਿਸ ਨੂੰ ਗੁਰੂ ਨਾਨਕ ਜੀ ਆਪਣੀ ਜੋਤ ਬਖਸ਼ ਗਏ ਸਨ। ਸਿੰਘ ਸਾਗਰ ਨੇ ਲਿਖਿਆ ਹੈ ਕਿ ਛੇ ਲੱਛਣਾਂ ਤੋਂ ਗੁਰੂ ਪਹਿਚਾਣਿਆ ਜਾਂਦਾ ਹੈ ਅਤੇ ਛੇ ਹੀ ਗੁਰੂ ਤੇਗ ਬਹਾਦਰ ਜੀ ਵਿੱਚ ਸਨ। ਗਿਆਨ ਦਾ ਭੰਡਾਰ ਸਨ, ਮੱਤ ਉੱਚ-ਕੋਟੀ ਦੀ ਸੀ, ਈਸ਼ਵਰ ਦਾ ਹੱਥ ਸਦਾ ਸਿਰ 'ਤੇ, ਮੁਕਤਿ-ਵੈਰਾਗ ਦੀ ਮੂਰਤ ਸਨ, ਸਭ ਹੀ ਉਨ੍ਹਾਂ ਦੇ ਉਪਾਸ਼ਕ ਸਨ ਅਤੇ ਘਟ-ਘਟ ਕੀ ਜਾਨਣਹਾਰ ਸਨ। ਪੂਰਨ ਬ੍ਰਹਮ ਸਨ। 'ਗਿਆਨਸੀ ਮਤਿ, ਈਸ਼ਰ ਤਾਜ, ਸੁ ਪੂਰਨ ਮੋਖ ਵੈਰਾਗ ਮਹਾਨੇ। ਦੇਵ ਅਦੇਵ ਚਰਾਚਰ ਲੋ ਸਭ ਕੈ ਘਟ ਅੰਤ੍ਰ ਕੀ ਗੁਰ ਜਾਨੈ।'

ਆਪ ਜੀ ਗੁਰੂ ਨਾਨਕ ਦੇਵ ਜੀ ਤੋਂ ਪਿੱਛੋਂ ਪਹਿਲੇ ਗੁਰੂ ਸਨ ਜੋ ਥਾਂ-ਥਾਂ 'ਤੇ ਪੁੱਜੇ ਅਤੇ ਸਿੱਖੀ ਦੇ ਬੂਟੇ ਨੂੰ ਸਿੰਜਿਆ। ਇੱਕ ਅੰਦਾਜ਼ੇ ਮੁਤਾਬਿਕ ਆਪ ਜੀ ਨੇ ਤਿੰਨਾਂ ਦੌਰਿਆਂ ਵਿੱਚ ਤਕਰੀਬਨ ਪੰਜ ਹਜ਼ਾਰ ਮੀਲ ਸਫ਼ਰ ਕੀਤਾ। ਆਪ ਜੀ ਦੇ ਹੁਕਮਨਾਮਿਆਂ, ਜਿਨ੍ਹਾਂ ਦੀ ਗਿਣਤੀ 30 ਦੇ ਕਰੀਬ ਹੈ, ਤੋਂ ਪਤਾ ਲੱਗਦਾ ਹੈ ਕਿ ਆਪ ਜੀ ਕਮ-ਗੋਸਨ, ਥੋੜ੍ਹੀ ਗੱਲ ਵਿੱਚ ਹੀ ਭਾਵ ਸਮਝਾ ਦਿੰਦੇ ਸਨ। ਹੱਥ ਦੀ ਲਿਖਤ ਉਨ੍ਹਾਂ ਦੀ ਪਕਿਆਈ ਦਰਸਾਂਦੀ ਹੈ। ਕੋਈ ਅੱਖਰ ਟੁੱਟਿਆ ਜਾਂ ਮਿਧਿਆ ਨਹੀਂ ਸੀ ਹੁੰਦਾ। ਰਵਾਨੀ ਬਹੁਤ ਸੀ। ਸਪੱਸ਼ਟਤਾ ਉਨ੍ਹਾਂ ਦੇ ਸੁਭਾਅ ਦਾ ਅੰਗ ਲੱਗਦਾ ਹੈ। ਸਦਾ ਸੰਗਤ ਦਾ ਭਲਾ ਮੰਗਦੇ। ਰੋਜ਼ਗਾਰ ਵਿੱਚ ਬਰਕਤ ਦੀ ਅਸੀਸ ਦਿੰਦੇ।

ਹਮੇਸ਼ਾਂ ਹੁਕਮਨਾਮੇ ਦੇ ਉੱਤੇ 'ਗੁਰ ਸਤਿਗੁਰ' ਲਿਖਦੇ। ਸੇਵਾਦਾਸ ਦੀਆਂ ਪਰਚੀਆਂ ਵਿੱਚ ਲਿਖਿਆ ਹੈ ਕਿ **'ਗੋਬਿੰਦ ਕੇ ਰਸ ਬਿਨਾ ਇਨ ਕਉ (ਗੁਰੂ ਤੇਗ ਬਹਾਦਰ ਜੀ) ਅਉਰੇ ਰਸ ਸੁਆਦ ਕੋਊ ਨ ਦੇਵੇ ਜਗਤ ਕੀ ਕਿਸੀ ਪਦਾਰਥ ਦਾ।'**

## ਏਕ ਭਗਤਿ ਭਗਵਾਨ :

ਭਗਤੀ ਦੀ ਆਖਰੀ ਚੋਟੀ ਵੀ ਛੂਹ ਕੇ ਦੱਸੀ। ਉਨ੍ਹਾਂ ਦਾ ਸਾਰਾ ਜੀਵਨ ਹੀ ਅਛੋਹ ਸਿੱਖਰਾਂ ਦੀ ਸਾਖੀ ਹੈ। 'ਭਗਤ ਨਵੈ ਪਰਕਾਰ' ਗੁਰੂ ਅਰਜਨ ਦੇਵ ਜੀ ਨੇ ਸ੍ਰੀ ਰਾਗ ਵਿੱਚ ਦਰਸਾਈ ਹੈ। 'ਸਰਵਨੀ ਸੁਨਣਾ', 'ਹਰਿ ਕੀਰਤਨ ਸਾਧ ਸੰਗਤ, 'ਸਿਮਰਉ ਸਿਮਰਿ', 'ਪਾਵ-ਮਲੋਵਾ', 'ਹਰਿ ਕੀ ਪੂਜਾ', 'ਬੰਦਉ ਬਾਰਿ ਬਾਰਿ', 'ਦਾਸਨਿਦਾਸਾ' ਅਤੇ 'ਤੂੰ ਮੇਰਾ ਬੰਧਪ, ਤੂੰ ਮੇਰਾ ਭ੍ਰਾਤਾ' ਅੱਠ ਪ੍ਰਕਾਰ ਦੀ ਹੈ। ਸਰਵਨ, ਕੀਰਤਨ, ਸਿਮਰਨ, ਪੱਗ-ਸੇਵਨ ਅਰਚਨਾ, ਬੰਦਨਾ, ਦਾਸ ਭਾਵ ਤੇ ਮੈਤਰੀ ਭਾਵ। ਪਰ ਸਭ ਤੋਂ ਉੱਤੇ ਹੈ **ਸਰਬੰਸ ਕੀਜੈ ਅਪੁਨਾ ਵਾਰੈ। ਆਤਮ ਨਿਵੇਦਨ।** ਇਹ ਪਹਿਲੇ ਅੱਠਾਂ ਪ੍ਰਕਾਰਾਂ ਦੀ ਭਗਤੀ ਸਿੱਖੀ ਘਰ ਵਿੱਚ ਆਪਾ ਤਿਆਗ, ਆਤਮ ਨਿਵੇਦਨ ਅਤੇ ਕੁਰਬਾਨ ਹੋਣ ਦੀ ਤਿਆਰੀ ਹੈ। ਗੁਰੂ ਤੇਗ ਬਹਾਦਰ ਜੀ ਨੇ **'ਸਰਬੰਸ ਦੀਜੈ ਅਪੁਨਾ ਵਾਰੈ'** ਦਾ ਪ੍ਰਤੱਖ ਰੂਪ ਦੇ ਕੇ ਭਗਤੀ ਦੇ ਸਿਖਰ ਨੂੰ ਛੋਹਿਆ। ਬਾਬਾ ਬਕਾਲਾ ਵਿੱਚ ਕੀਤੀ ਬਹੁ ਪ੍ਰਕਾਰ ਦੀ ਭਗਤੀ ਨੂੰ ਸੀਸ ਦੇ ਕੇ ਪ੍ਰਵਾਨ ਚੜ੍ਹਾਇਆ। ਫਿਰ ਸੱਚਮੁੱਚ ਹੀ ਸਰਬੰਸ ਵਾਰਿਆ। ਆਪ ਸ਼ਹੀਦ, ਪਤਨੀ ਮਾਤਾ ਗੁਜਰੀ ਸ਼ਹੀਦ, ਪੁੱਤਰ ਗੁਰੂ ਗੋਬਿੰਦ ਸਿੰਘ ਸ਼ਹੀਦ, ਪੋਤਰੇ ਚਾਰੇ ਸਾਹਿਬਜ਼ਾਦੇ ਸ਼ਹੀਦ,

ਭੈਣ ਦੇ ਪੰਜੇ ਪੁੱਤਰ ਸ਼ਹੀਦ ਅਤੇ ਹੋਰ ਅਨੇਕਾਂ ਨਿਕਟਵਰਤੀ ਸ਼ਹੀਦੀਆਂ ਪਾਉਂਦੇ ਰਹੇ। ਮੈਥਲੀ ਸ਼ਰਨ ਗੁਪਤ ਨੇ ਗੁਰੂ ਤੇਗ ਬਹਾਦਰ ਨਾਂ ਦੀ ਕਵਿਤਾ ਹੇਠਾਂ ਖੂਬ ਲਿਖਿਆ ਹੈ:

*ਤੇਗ ਬਹਾਦਰ, ਹਾਂ, ਵੇ ਹੀ ਥੇ*
*ਪੰਚਾਮ੍ਰਤ ਸਰ ਕੇ ਅਰਵਿੰਦ।*
*ਤੇਗ ਬਹਾਦਰ, ਹਾਂ, ਵੇ ਹੀ ਥੇ,*
*ਜਿਨ ਸੈ ਜਨਮੇਂ ਗੁਰੂ ਗੋਬਿੰਦ।*
*ਤੇਗ ਬਹਾਦਰ, ਹਾਂ, ਵੇ ਹੀ ਥੇ,*
*ਭਾਰਤ ਕੀ ਮਾਈ ਕੇ ਲਾਲ।*
*ਤੇਗ ਬਹਾਦਰ, ਹਾਂ, ਵੇ ਹੀ ਥੇ,*
*ਜਿਨ ਕਾ ਕੁਛ ਕਰ ਸਕਾ ਨਾ ਕਾਲ।*

ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦਾਂ ਨਾਲ ਹੀ ਇਸ ਲਿਖਤ ਦੀ ਸਮਾਪਤੀ ਕਰਦੇ ਹੋਏ ਲਿਖਣਾ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਹੱਦ ਕਰ ਦਿੱਤੀ ਅਤੇ ਇਸ ਹੱਦ ਨੂੰ ਕੋਈ ਕਦੇ ਛੂਹ ਵੀ ਨਹੀਂ ਸਕੇਗਾ।

*ਇਤਿ ਜਿਨਿ ਕਰੀ।*

OOO

## ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਰਾਗ-ਵੰਡ

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ 16 ਰਾਗਾਂ ਵਿੱਚ ਦਰਜ ਹੈ। ਹਰ ਇੱਕ ਰਾਗ ਦਾ ਕ੍ਰਮ-ਅਨੁਸਾਰ ਸਥਾਨ ਅਤੇ ਸ਼ਬਦਾਂ ਦੀ ਗਿਣਤੀ ਇਸ ਪ੍ਰਕਾਰ ਹੈ:

| ਕ੍ਰਮ | ਰਾਗ ਨਾਮ | ਸ਼ਬਦ |
|---|---|---|
| 1. | ਗਉੜੀ | 9 |
| 2. | ਆਸਾ | 1 |
| 3. | ਦੇਵਗੰਧਾਰੀ | 3 |
| 4. | ਬਿਹਾਗੜਾ | 1 |
| 5. | ਸੋਰਠਿ | 12 |
| 6. | ਧਨਾਸਰੀ | 4 |
| 7. | ਜੈਤਸਰੀ | 3 |
| 8. | ਟੋਡੀ | 1 |
| 9. | ਤਿਲੰਗ | 3 |
| 10. | ਬਿਲਾਵਲ | 3 |
| 11. | ਰਾਮਕਲੀ | 3 |
| 12. | ਮਾਰੂ | 3 |
| 13. | ਬਸੰਤ-ਹਿੰਡੋਲ | 1 |
| 14. | ਬਸੰਤ | 4 |
| 15. | ਸਾਰੰਗ | 4 |
| 16. | ਜੈਜਾਵੰਤੀ | 4 |

# ਧੰਨ ਗੁਰੂ, ਧੰਨ ਗੁਰੂ ਪਿਆਰੇ

## ਧੰਨ ਗੁਰੂ ਤੇਗ ਬਹਾਦਰ ਜੀ ਦੇ ਦੀਵਾਨ ਭਾਈ ਮਤੀ ਦਾਸ ਜੀ

ਭਾਈ ਮਤੀ ਦਾਸ ਜੀ ਭਾਈ ਹੀਰਾ ਨੰਦ ਜੀ ਦੇ ਸਪੁੱਤਰ, ਭਾਈ ਦਵਾਰਕਾ ਦਾਸ ਜੀ ਦੇ ਪੋਤੇ ਤੇ ਸ਼ਹੀਦ ਭਾਈ ਪਰਾਗ ਦਾਸ (ਪਰਾਗਾ) ਜੀ ਦੇ ਪੜਪੋਤੇ ਸਨ। ਆਪ ਪਿੰਡ ਕਰਿਆਲਾ (ਜ਼ਿਲ੍ਹਾ ਜਿਹਲਮ, ਪਾਕਿਸਤਾਨ) ਦੇ ਵਾਸੀ ਸਨ। ਆਪ ਛਿੱਬਰ-ਬ੍ਰਹਮਣ ਪਰਿਵਾਰ ਨਾਲ ਸਬੰਧ ਰੱਖਦੇ ਸਨ। ਆਪ ਦਾ ਪਰਿਵਾਰ ਧੰਨ ਗੁਰੂ ਰਾਮਦਾਸ ਜੀ ਮਹਾਰਾਜ ਦੇ ਵੇਲੇ ਤੋਂ ਹੀ ਸਿੱਖੀ ਨਾਲ ਜੁੜਿਆ ਹੋਇਆ ਸੀ। ਆਪ ਦੇ ਪੜਦਾਦੇ ਭਾਈ ਪਰਾਗ ਦਾਸ (ਪਰਾਗਾ) ਜੀ ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਵੇਲੇ ਸਿੱਖ ਫੌਜ ਦੇ ਪੰਜ ਮੁੱਖ ਜਰਨੈਲਾਂ ਵਿੱਚੋਂ ਇੱਕ ਸਨ। ਭਾਈ ਪਰਾਗ ਦਾਸ ਜੀ 3 ਅਕਤੂਬਰ 1621 ਦੇ ਦਿਨ ਰੁਹੀਲਾ ਦੀ ਲੜਾਈ ਵਿੱਚ ਸ਼ਹੀਦ ਹੋ ਗਏ ਸਨ। ਭਾਈ ਪਰਾਗ ਦਾਸ ਜੀ ਦੇ ਦੋਹਾਂ ਪੜਪੋਤਿਆਂ, ਭਾਈ ਮਤੀ ਦਾਸ ਜੀ ਤੇ ਭਾਈ ਸਤੀ ਦਾਸ ਜੀ ਦਾ ਧੰਨ ਗੁਰੂ ਤੇਗ ਬਹਾਦਰ ਜੀ ਨਾਲ ਬੜਾ ਪਿਆਰ ਸੀ। ਉਹ ਅਕਸਰ ਗੁਰੂ ਸਾਹਿਬ ਨਾਲ ਹੀ ਰਿਹਾ ਕਰਦੇ ਸਨ। ਭਾਈ ਮਤੀ ਦਾਸ ਜੀ ਸਿੱਖ ਧਰਮ ਦੇ ਇੱਕ ਚੰਗੇ ਵਿਦਵਾਨ ਵੀ ਸਨ ਤੇ ਕਈ ਵਾਰੀ ਸ਼ਬਦਾਂ ਦੀ ਕਥਾ ਵੀ ਕਰਿਆ ਕਰਦੇ ਸਨ। ਭਾਈ ਦਿਆਲ ਦਾਸ ਜੀ ਤੋਂ ਬਾਅਦ ਭਾਈ ਮਤੀ ਦਾਸ ਜੀ ਦੂਜੇ ਅਜਿਹੇ ਸ਼ਖਸ ਸਨ ਜਿਨ੍ਹਾਂ ਨੂੰ ਗੁਰੂ ਸਾਹਿਬ ਦੀ ਸਭ ਤੋਂ ਵੱਧ ਸੰਗਤ ਕਰਨ ਦਾ ਮਾਣ ਮਿਲਿਆ ਸੀ।

1665 ਵਿੱਚ ਜਦੋਂ ਗੁਰੂ ਸਾਹਿਬ ਨੂੰ ਧਮਤਾਨ ਤੋਂ ਗ੍ਰਿਫਤਾਰ ਕੀਤਾ ਗਿਆ ਤਾਂ ਭਾਈ ਮਤੀ ਦਾਸ ਜੀ ਵੀ ਆਪ ਜੀ ਦੇ ਨਾਲ ਸਨ। ਆਪ ਉਦੋਂ ਵੀ ਗੁਰੂ ਜੀ ਦੇ ਨਾਲ ਹੀ ਦੋ ਮਹੀਨੇ ਬੰਦੀਖਾਨੇ 'ਚ ਰਹੇ। ਦਸੰਬਰ 1665 ਵਿੱਚ ਜਦੋਂ ਧੰਨ ਗੁਰੂ ਤੇਗ ਬਹਾਦਰ ਸਾਹਿਬ ਅਸਾਮ, ਬੰਗਾਲ, ਬਿਹਾਰ ਦੇ ਦੌਰੇ ਤੇ ਗਏ ਤਾਂ ਹੋਰਨਾਂ ਦੇ ਨਾਲ ਭਾਈ ਮਤੀ ਦਾਸ ਜੀ ਵੀ ਆਪ ਦੇ ਨਾਲ ਸਨ। ਇੰਞ ਹੀ ਜੁਲਾਈ 1675 ਵਿੱਚ ਜਦੋਂ ਗੁਰੂ ਸਾਹਿਬ ਗ੍ਰਿਫਤਾਰ ਕਰਕੇ ਨਵੰਬਰ ਵਿੱਚ ਦਿੱਲੀ ਲਿਆਂਦੇ ਗਏ ਤਾਂ ਵੀ ਭਾਈ ਮਤੀ ਦਾਸ ਜੀ ਗੁਰੂ ਸਾਹਿਬ ਦੇ ਨਾਲ ਸਨ। ਭਾਈ ਮਤੀ ਦਾਸ ਜੀ ਨੂੰ ਮੁਗਲਾਂ ਨੇ ਬੱਸੀ ਪਠਾਣਾਂ (ਸਰਹਿੰਦ) ਅਤੇ ਦਿੱਲੀ ਵਿੱਚ ਬੰਦੀਖਾਨੇ ਵਿੱਚ ਬੜੇ ਤਸੀਹੇ ਦਿੱਤੇ।

ਧੰਨ ਗੁਰੂ ਤੇਗ ਬਹਾਦਰ ਜੀ ਦਾ ਸਾਥੀ ਹੋਣ ਕਰਕੇ ਅਤੇ ਇਸਲਾਮ ਧਾਰਨ ਨਾ ਕਰਨ ਤੇ ਮੁਗਲ ਕਾਜ਼ੀ ਤੇ ਭਾਈ ਦਿਆਲ ਦਾਸ ਜੀ, ਭਾਈ ਮਤੀ ਦਾਸ ਜੀ ਤੇ ਭਾਈ ਸਤੀ ਦਾਸ ਜੀ ਨੂੰ ਕਤਲ ਕਰਨ ਤਾ ਫ਼ਤਵਾ ਜਾਰੀ ਕਰ ਦਿੱਤਾ। ਆਪ ਜੀ ਦੇ ਜਿਸਮ ਨੂੰ ਆਰੇ ਨਾਲ ਦੋ ਟੋਟੇ ਕਰਨ ਦਾ ਹੁਕਮ ਜਾਰੀ ਕੀਤਾ ਗਿਆ। ਇਹ ਘਟਨਾ 11 ਨਵੰਬਰ 1675 ਦੀ ਹੈ। ਆਪ ਨੂੰ ਉਸ ਦਿਨ ਦੁਪਹਿਰ ਵੇਲੇ ਚਾਂਦਨੀ ਚੌਕ ਦਿੱਲੀ ਵਿੱਚ ਧੰਨ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਅੱਖਾਂ ਦੇ ਸਾਹਮਣੇ ਆਰੇ ਨਾਲ ਚੀਰ ਕੇ ਸ਼ਹੀਦ ਕਰ ਦਿੱਤਾ ਗਿਆ। ਆਪ ਜੀ ਨੇ ਸ਼ਹੀਦੀ ਵੇਲੇ ਉਫ ਤੱਕ ਨਾ ਕੀਤੀ ਤੇ ਵਾਹਿਗੁਰੂ ਦਾ ਜਾਪ ਕਰਦੇ ਰਹੇ। ਆਪ ਜੀ ਤੋਂ ਮਗਰੋਂ ਆਪ ਜੀ ਦੇ ਭਰਾ ਭਾਈ ਸਤੀ ਦਾਸ ਜੀ ਨੂੰ ਵੀ ਸ਼ਹੀਦ ਕਰ ਦਿੱਤਾ ਗਿਆ। ਆਪ ਜੀ ਦੀ ਸ਼ਹੀਦੀ ਸੰਬੰਧੀ ਇੱਕ ਇੰਦਰਾਜ ਭੱਟ ਵਹੀਆਂ ਵਿੱਚ ਇੰਞ ਮਿਲਦਾ ਹੈ:

*"ਦਿਆਲ ਦਾਸ ਬੇਟਾ ਮਾਈ ਦਾਸ ਕਾ, ਪੋਤਾ ਬੱਲੂ ਰਾਓ ਕਾ... ਗੁਰੂ ਤੇਗ ਬਹਾਦਰ ਗੈਲੋਂ ਸਾਲ ਸਤਰਾਂ ਸੈ ਬਤੀਸ ਮਗਹਰ ਸੁਦੀ ਪੰਚਮੀ ਵੀਰਵਾਰ*

*ਕੇ ਦਿਹੁੰ ਦਿੱਲੀ ਚਾਂਦਨੀ ਚੌਂਕ ਕੇ ਮਲ੍ਹਾਨ, ਸ਼ਾਹੀ ਹੁਕਮ ਗੈਲ ਮਾਰਾ ਗਿਆ। **ਸਾਥ ਮਤੀ ਦਾਸ, ਸਤੀ ਦਾਸ ਬੇਟੇ ਹੀਰਾ ਮੱਲ ਕੇ ਪੋਤੇ ਦਵਾਰਕਾ ਦਾਸ ਕੇ ਭਾਰਗ ਗੋਤਰੇ ਛਿਬਰ ਬ੍ਰਾਹਮਣ ਮਾਰੇ ਗਏ।"***

*ਭੱਟ ਵਹੀ ਤਲਉਂਢਾ ਪਰਗਣਾ ਜੀਂਦ*

○○○

## ਧੰਨ ਗੁਰੂ ਤੇਗ ਬਹਾਦਰ ਜੀ ਦੇ ਲਿਖਾਰੀ ਭਾਈ ਸਤੀ ਦਾਸ ਜੀ

ਭਾਈ ਸਤੀ ਦਾਸ ਜੀ ਭਾਈ ਹੀਰਾ ਨੰਦ ਜੀ ਦੇ ਸਪੁੱਤਰ, ਭਾਈ ਦਵਾਰਕਾ ਜੀ ਦੇ ਪੋਤੇ ਅਤੇ ਸ਼ਹੀਦ ਭਾਈ ਪਰਾਗ ਦਾਸ (ਪਰਾਗਾ) ਜੀ ਦੇ ਪੜਪੋਤੇ ਸਨ। ਆਪ ਛਿੱਬਰ-ਬ੍ਰਾਹਮਣ ਖਾਨਦਾਨ ਨਾਲ ਸੰਬੰਧ ਰੱਖਦੇ ਸਨ। ਆਪ ਜੀ ਦਾ ਪਰਿਵਾਰ ਧੰਨ ਗੁਰੂ ਰਾਮਦਾਸ ਜੀ ਮਹਾਰਾਜ ਦੇ ਵੇਲੇ ਗੁਰੂ ਘਰ ਨਾਲ ਜੁੜਿਆ ਸੀ। ਆਪ ਜੀ ਦੇ ਪੜਦਾਦਾ ਭਾਈ ਪਰਾਗ ਦਾਸ ਜੀ ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਫੌਜ ਦੇ ਪੰਜ ਮੁੱਖੀ ਜਰਨੈਲਾਂ ਵਿੱਚੋਂ ਇੱਕ ਸਨ। ਭਾਈ ਪਰਾਗ ਦਾਸ 3 ਅਕਤੂਬਰ 1621 ਦੇ ਦਿਨ ਰੁਹੀਲਾ ਦੀ ਲੜਾਈ ਵਿੱਚ ਸ਼ਹੀਦ ਹੋ ਗਏ ਸਨ। ਇਹ ਛਿੱਬਰ ਪਰਿਵਾਰ ਪਿੰਡ ਕਰਿਆਲਾ (ਜ਼ਿਲ੍ਹਾ ਜਿਹਲਮ, ਪਾਕਿਸਤਾਨ) ਵਿੱਚ ਰਿਹਾ ਕਰਦਾ ਸੀ।

ਭਾਈ ਸਤੀ ਦਾਸ ਜੀ ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਬੜੇ ਸਾਦਿਕ ਤੇ ਸੇਵਾਕਾਰ ਸਨ। ਉਨ੍ਹਾਂ ਦਾ ਗੁਰੂ ਸਾਹਿਬ ਨਾਲ ਬੜਾ ਪਿਆਰ ਸੀ। ਆਮ ਤੌਰ ਤੇ ਜਿੱਥੇ ਵੀ ਗੁਰੂ ਸਾਹਿਬ ਜਾਂਦੇ ਸਨ ਭਾਈ ਸਤੀ ਦਾਸ ਜੀ ਵੀ ਉਨ੍ਹਾਂ ਦੇ ਨਾਲ ਰਿਹਾ ਕਰਦੇ ਸਨ। ਭਾਈ ਸਤੀ ਦਾਸ ਜੀ ਬੜੇ ਚੰਗੇ ਰਸੋਈਏ ਵੀ ਸਨ। ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਖਾਣਾ ਅਕਸਰ ਉਹੀ ਬਣਾਇਆ ਕਰਦੇ ਸਨ। ਭਾਈ ਦਿਆਲ ਦਾਸ ਜੀ ਤੇ ਭਾਈ ਮਤੀ ਦਾਸ ਜੀ (ਉਨ੍ਹਾਂ ਦੇ ਹੀ ਭਰਾ) ਤੋਂ ਬਾਅਦ ਭਾਈ ਸਤੀ ਦਾਸ ਜੀ ਅਜਿਹੇ ਸ਼ਖਸ ਸਨ ਜਿਨ੍ਹਾਂ ਨੂੰ ਧੰਨ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਬਹੁਤ ਨੇੜੇ ਰਹਿਣ ਦਾ ਸ਼ਰਫ ਹਾਸਿਲ ਹੋਇਆ ਸੀ।

1665 ਵਿੱਚ ਜਦੋਂ ਗੁਰੂ ਸਾਹਿਬ ਨੂੰ ਧਮਤਾਨ ਤੋਂ ਗ੍ਰਿਫਤਾਰ ਕੀਤਾ ਗਿਆ ਤਾਂ ਭਾਈ ਸਤੀ ਦਾਸ ਜੀ ਵੀ ਆਪ ਜੀ ਦੇ ਨਾਲ ਸਨ। ਆਪ ਉਦੋਂ ਵੀ ਗੁਰੂ ਜੀ ਦੇ ਨਾਲ ਹੀ ਦੋ ਮਹੀਨੇ ਬੰਦੀਖਾਨੇ 'ਚ ਰਹੇ। ਇਸ ਮਗਰੋਂ ਜਦੋਂ ਧੰਨ ਗੁਰੂ ਤੇਗ ਬਹਾਦਰ ਸਾਹਿਬ ਅਸਾਮ, ਬੰਗਾਲ, ਬਿਹਾਰ ਦੇ ਦੌਰੇ ਤੇ ਗਏ ਤਾਂ ਹੋਰਨਾਂ ਦੇ ਨਾਲ ਭਾਈ ਸਤੀ ਦਾਸ ਜੀ ਵੀ ਆਪ ਦੇ ਨਾਲ ਸਨ। ਇੰਞ ਹੀ ਜੁਲਾਈ 1675 ਵਿੱਚ ਜਦੋਂ ਗੁਰੂ ਸਾਹਿਬ ਗ੍ਰਿਫਤਾਰ ਕਰਕੇ ਨਵੰਬਰ ਵਿੱਚ ਦਿੱਲੀ ਲਿਆਂਦੇ ਗਏ ਤਾਂ ਵੀ ਭਾਈ ਸਤੀ ਦਾਸ ਜੀ ਗੁਰੂ ਸਾਹਿਬ ਦੇ ਨਾਲ ਸਨ। ਭਾਈ ਸਤੀ ਦਾਸ ਜੀ ਨੂੰ ਮੁਗਲਾਂ ਨੇ ਬੱਸੀ ਪਠਾਣਾਂ (ਸਰਹਿੰਦ) ਕੈਦ ਵਿੱਚ ਬੰਦੀਖਾਨੇ ਵਿੱਚ ਬੜੇ ਤਸੀਹੇ ਦਿੱਤੇ।

11 ਨਵੰਬਰ 1675 ਦੇ ਦਿਨ ਕਾਜ਼ੀ ਨੇ ਭਾਈ ਸਤੀ ਦਾਸ ਜੀ ਨੂੰ ਧੰਨ ਗੁਰੂ ਤੇਗ ਬਹਾਦਰ ਜੀ ਦਾ ਸਾਥ ਦੇਣ ਅਤੇ ਇਸਲਾਮ ਕਬੂਲ ਨਾ ਕਰਨ ਕਰ ਕੇ ਮੌਤ ਦਾ ਫ਼ਤਵਾ ਜਾਰੀ ਕੀਤਾ। ਆਪ ਜੀ ਨੂੰ ਰੂੰ ਵਿੱਚ ਲਪੇਟ ਕੇ ਜਿਊਂਦਿਆਂ ਸਾੜ ਕੇ ਸ਼ਹੀਦ ਕਰ ਦਿੱਤਾ ਗਿਆ। ਭਾਈ ਸਤੀ ਦਾਸ ਜੀ ਦੀ ਸ਼ਹੀਦੀ ਧੰਨ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਅੱਖੀਂ ਵੇਖੀ ਅਤੇ ਆਖਿਆ, "ਇਨ੍ਹਾਂ ਸਿੱਖਾਂ ਦੀ ਸ਼ਹਾਦਤ ਨੇ ਤੁਰਕ ਰਾਜ ਦੀਆਂ ਜੜ੍ਹਾਂ ਖੋਖਲੀਆਂ ਕਰ ਦਿੱਤੀਆਂ ਹਨ। ਇਹ ਰਾਜ ਜ਼ਿਆਦਾ ਸਮਾਂ ਨਹੀਂ ਰਹੇਗਾ। ਜਦ ਤੱਕ ਜ਼ਮੀਨ ਤੇ ਅਸਮਾਨ, ਚੰਦ ਤੇ ਸੂਰਜ ਕਾਇਮ ਹਨ, ਇਨ੍ਹਾਂ ਸ਼ਹੀਦਾਂ ਦਾ ਨਾਂ ਦੁਨੀਆਂ ਵਿੱਚ ਰੌਸ਼ਨ ਰਹੇਗਾ।"

ਭਾਈ ਸਤੀ ਦਾਸ ਜੀ ਦੀ ਸ਼ਹੀਦੀ ਸੰਬੰਧੀ ਇੰਦਰਾਜ ਭੱਟ ਵਹੀ ਮੁਲਤਾਨੀ ਸਿੰਧੀ ਅਤੇ ਭੱਟ ਵਹੀ ਤਲਉਂਢਾ, ਪਰਣਾ ਜੀਂਦ ਵਿੱਚ ਮਿਲਦਾ ਹੈ।

○○○

## ਧੰਨ ਗੁਰੂ ਤੇਗ ਬਹਾਦਰ ਜੀ ਦੇ ਘਰ-ਬਾਰੀ

# ਭਾਈ ਦਿਆਲ ਦਾਸ ਜੀ

ਭਾਈ ਦਿਆਲ ਦਾਸ ਜੀ ਭਾਈ ਮਾਈ ਦਾਸ ਜੀ ਦੇ ਸਪੁੱਤਰ ਭਾਈ ਬੱਲੂ ਜੀ ਦੇ ਪੋਤੇ ਤੇ ਭਾਈ ਮੂਲੇ ਦੇ ਪੜਪੋਤੇ ਸਨ। ਆਪ ਪਰਮਾਰ-ਰਾਜਪੂਤ ਪਰਿਵਾਰ ਨਾਲ ਸੰਬੰਧ ਰੱਖਦੇ ਸਨ। ਆਪ ਜੀ ਨੂੰ 11 ਨਵੰਬਰ 1675 ਦੇ ਦਿਨ ਚਾਂਦਨੀ ਚੌਕ ਦਿੱਲੀ ਵਿੱਚ ਦੇਗ ਵਿੱਚ ਉਬਾਲ ਕੇ ਸ਼ਹੀਦ ਕਰ ਦਿੱਤਾ ਗਿਆ ਸੀ। (ਆਪ ਜੀ ਭਾਈ ਮਨੀ ਸਿੰਘ ਜੀ ਦੇ ਵੱਡੇ ਭਰਾ ਸਨ)

ਭਾਈ ਦਿਆਲ ਦਾਸ ਤੇ ਉਨ੍ਹਾਂ ਦਾ ਪਰਿਵਾਰ ਗੁਰੂ ਘਰ ਦਾ ਬੜਾ ਸਾਦਿਕ ਸੀ। ਇਹ ਪਰਿਵਾਰ ਧੰਨ ਗੁਰੂ ਅਰਜਨ ਦੇਵ ਜੀ ਵੇਲੇ ਤੋਂ ਸਿੱਖੀ ਨਾਲ ਜੁੜਿਆ ਹੋਇਆ ਸੀ। ਇਸ ਪਰਿਵਾਰ ਨੇ ਸਿੱਖ ਕੌਮ ਵਾਸਤੇ ਕਈ ਦਰਜਨ ਸ਼ਹੀਦੀਆਂ ਦਿੱਤੀਆਂ।

ਭਾਈ ਦਿਆਲ ਦਾਸ ਜੀ ਧੰਨ ਗੁਰੂ ਤੇਗ ਬਹਾਦਰ ਜੀ ਦੇ ਬਹੁਤ ਨਜ਼ਦੀਕੀ ਸਾਥੀ ਸਨ। ਗੁਰੂ ਸਾਹਿਬ ਜਿੱਥੇ ਵੀ ਜਾਂਦੇ ਸਨ ਭਾਈ ਦਿਆਲ ਦਾਸ ਜੀ ਉਨ੍ਹਾਂ ਦੇ ਨਾਲ ਹੀ ਰਹਿੰਦੇ ਸਨ। ਭਾਈ ਦਿਆਲ ਦਾਸ ਜੀ ਦਾ ਨਾਂ ਗੁਰੂ ਸਾਹਿਬ ਦੇ ਕਈ ਹੁਕਮਨਾਮਿਆਂ ਵਿੱਚ ਮਿਲਦਾ ਹੈ। ਧੰਨ ਗੁਰੂ ਤੇਗ ਬਹਾਦਰ ਜੀ ਜਦੋਂ 1656 ਵਿੱਚ ਅਸਾਮ, ਬੰਗਾਲ, ਬਿਹਾਰ ਦੇ ਮਿਸ਼ਨਰੀ ਦੌਰੇ ਤੇ ਗਏ ਤਾਂ ਵੀ ਭਾਈ ਦਿਆਲ ਦਾਸ ਜੀ ਉਨ੍ਹਾਂ ਦੇ ਨਾਲ ਸਨ। 1665 ਵਿੱਚ ਜਦੋਂ ਗੁਰੂ ਸਾਹਿਬ ਨੂੰ ਧਮਤਾਨ ਤੋਂ ਗ੍ਰਿਫਤਾਰ ਕੀਤਾ ਗਿਆ ਤਾਂ ਵੀ ਆਪ ਜੀ ਗੁਰੂ ਜੀ ਦੇ ਨਾਲ ਹੀ ਸਨ। ਆਪ ਜੀ ਗੁਰੂ ਸਾਹਿਬ ਦੇ ਨਾਲ ਹੀ ਦੋ ਮਹੀਨੇ ਬੰਦੀਖਾਨੇ ਵਿੱਚ ਰਹੇ। ਇਸ ਮਗਰੋਂ ਜਦੋਂ ਗੁਰੂ ਸਾਹਿਬ ਦੁਬਾਰਾ ਅਸਾਮ ਵੱਲ ਗਏ ਤਾਂ ਵੀ ਭਾਈ ਦਿਆਲ ਦਾਸ ਜੀ ਉਨ੍ਹਾਂ ਦੇ ਨਾਲ ਸਨ। 1675 ਵਿੱਚ ਜਦੋਂ ਗੁਰੂ ਸਾਹਿਬ ਕਸ਼ਮੀਰੀ ਬ੍ਰਾਹਮਣਾਂ ਦੀ ਫਰਿਆਦ ਲੈ ਕੇ ਔਰੰਗਜ਼ੇਬ ਨੂੰ ਮਿਲਣ ਵਾਸਤੇ ਦਿੱਲੀ ਵੱਲ ਚਲੇ ਤਾਂ ਵੀ ਭਾਈ ਦਿਆਲ ਦਾਸ ਜੀ ਗੁਰੂ ਜੀ ਦੇ ਨਾਲ ਸੀ। ਅਜਿਹਾ ਜਾਪਦਾ ਹੈ ਕਿ ਭਾਈ ਦਿਆਲ ਦਾਸ ਜੀ ਹਮੇਸ਼ਾਂ ਹੀ ਗੁਰੂ ਸਾਹਿਬ ਦੇ ਅੰਗ-ਸੰਗ ਰਹੇ ਸਨ।

11 ਨਵੰਬਰ 1675 ਦੇ ਦਿਨ ਸ਼ਹੀਦ ਕਰਨ ਤੋਂ ਪਹਿਲਾਂ ਭਾਈ ਦਿਆਲ ਦਾਸ ਨੂੰ ਕਈ ਦਿਨ ਜਿਸਮਾਨੀ ਤਸ਼ੱਦਦ ਦਾ ਸ਼ਿਕਾਰ ਹੋਣਾ ਪਿਆ। ਇਸ ਦੌਰਾਨ ਭਾਵੇਂ ਆਪ ਜੀ ਜਿਸਮਾਨੀ ਤੌਰ ਤੇ ਕਮਜ਼ੋਰ ਹੋ ਚੁੱਕੇ ਸਨ ਪਰ ਆਪ ਜੀ ਦਾ ਜਿਗਰਾ ਕਾਇਮ ਸੀ। 11 ਨਵੰਬਰ ਨੂੰ ਧੰਨ ਗੁਰੂ ਤੇਗ ਬਹਾਦਰ ਜੀ ਦੇ ਨਾਲ ਹੀ ਆਪ ਨੂੰ ਵੀ ਸ਼ਹੀਦ ਕੀਤੇ ਜਾਣ ਦਾ ਫ਼ਤਵਾ ਜਾਰੀ ਹੋਇਆ ਤਾਂ ਵੀ ਆਪ ਅਡੋਲ ਰਹੇ ਤੇ ਆਪਣੇ ਪਿਆਰੇ ਧੰਨ ਗੁਰੂ ਤੇਗ ਬਹਾਦਰ ਜੀ ਦੀਆਂ ਅੱਖਾਂ ਸਾਹਵੇਂ ਸ਼ਹੀਦੀ ਜਾਮ ਪੀ ਗਏ।

ਭਾਈ ਦਿਆਲ ਦਾਸ ਜੀ ਦੀ ਸ਼ਹੀਦੀ ਸੰਬੰਧੀ ਭੱਟ ਵਹੀਆਂ ’ਚ ਇੱਕ ਇੰਦਰਾਜ ਇੰਞ ਮਿਲਦਾ ਹੈ:

*“ਦਿਆਲ ਦਾਸ ਮਾਈ ਦਾਸ ਕਾ, ਪੋਤਾ ਬੱਲੂ ਕਾ, ਪੜਪੋਤਾ ਮੂਲੇ ਕਾ, ਚੰਦਰਵੰਸੀ ਭਾਰਦਵਾਜੀ, ਗੌਤਰ ਪੰਵਾਰ, ਬੰਸ ਬੀਝੇ ਕਾ ਬੰਝਰਉਂਤ ਜਲਹਾਨਾ, ਗੁਰੂ ਗੈਲੋਂ, ਮਗਹਰ ਸੁਦੀ ਪੰਚਮੀ ਸੰਮਤ ਸਤਰਾਂ ਸੈ ਬੱਤੀਸ ਕੋ ਦਿੱਲੀ ਚਾਂਦਨੀ ਚੌਕ ਕੇ ਮਲਹਾਨ ਸ਼ਾਹੀ ਹੁਕਮ ਗੈਲ ਮਾਰਾ ਗਿਆ। ਗੈਲੋਂ ਮਤੀ ਦਾਸ ਸਤੀ ਦਾਸ ਬੇਟੇ ਹਰਿ ਨੰਦ ਕੇ ਪੋਤੇ ਲਖੀ ਦਾਸ ਕੇ ਪੜਪੋਤੇ ਪਰਾਗੇ ਕੇ, ਬੰਸ ਗੋਤਮ ਕ ਸਾਰਸੁਤੀ ਭਾਰਗਵ ਗੋਤੇ ਛਿਬਰ ਬ੍ਰਾਹਮਨ ਮਾਰੇ ਗਏ।”*

***(ਭੱਟ ਵਹੀ ਮੁਲਤਾਨੀ ਸਿੰਧੀ)***

ਭਾਈ ਦਿਆਲ ਦਾਸ ਸਿਰਫ਼ ਆਪ ਹੀ ਸ਼ਹੀਦ ਨਹੀਂ ਹੋਏ ਬਲਕਿ ਉਨ੍ਹਾਂ ਦੇ ਪਰਿਵਾਰ ਵਿੱਚੋਂ ਹੋਰਨਾਂ ਨੇ ਵੀ ਸ਼ਹੀਦੀਆਂ ਪਾਈਆਂ। ਆਪ ਦੇ ਬੇਟੇ ਭਾਈ ਕਲਿਆਨ ਸਿੰਘ ਨੇ 29 ਅਗਸਤ 1700 ਦੇ ਦਿਨ ਤਾਰਾਗੜ੍ਹ ਦੀ ਲੜਾਈ ਵਿੱਚ ਸ਼ਹੀਦੀ ਪਾਈ। ਆਪ ਜੀ ਦੇ ਦੂਜੇ ਬੇਟੇ ਭਾਈ ਮਥਰਾ ਸਿੰਘ 8 ਅਕਤੂਬਰ 1700 ਦੇ ਦਿਨ ਨਿਰਮੋਹਗੜ੍ਹ ਵਿੱਚ ਸ਼ਹੀਦ ਹੋਏ।

ooo

## ਰੰਘਰੇਟੇ ਗੁਰੂ ਕੇ ਬੇਟੇ

# ਭਾਈ ਜੀਵਨ ਸਿੰਘ ਜੀ (ਭਾਈ ਜੈਤਾ ਜੀ)

ਭਾਈ ਜੈਤਾ ਜੀ ਐਸੇ ਪਿਆਰੇ ਸਿੱਖ ਹੋਏ ਹਨ ਜਿਨ੍ਹਾਂ ਨੇ ਜੁਰਅੱਤ ਦੀ ਹੱਦ ਕਰ ਵਿਖਾਈ, ਸਾਹਸ ਦੀ ਹੱਦ ਕਰ ਵਿਖਾਈ। **ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥** *(ਅੰਗ ੧੧੦੨)* ਦਾ ਅੱਖਰੀ ਨਹੀਂ, ਅਮਲੀ ਅਰਥ ਦਰਸਾਇਆ।

ਭਾਈ ਜੀਵਨ ਸਿੰਘ ਜੀ ਨੇ 6 ਦਸੰਬਰ 1705 ਦੇ ਦਿਨ ਨੂੰ ਪਿੰਡ ਝੱਖੀਆਂ ਦੀ ਜੂਹ ਵਿੱਚ (ਸਿਰਸਾ ਨਦੀ ਦੇ ਕੰਢੇ ਦੇ ਨੇੜੇ) ਸ਼ਹੀਦੀ ਜਾਮ ਪੀਤਾ ਸੀ। ਭਾਈ ਜੀਵਨ ਸਿੰਘ ਜੀ ਭਾਈ ਆਗਿਆ ਦੇ ਪੁੱਤਰ ਤੇ ਭਾਈ ਦੁੱਲਾ ਦੇ ਪੋਤੇ ਸਨ। ਆਪ ਰੰਘਰੇਟਾ ਨਾਂ ਦੀ ਇੱਕ ਪਛੜੀ ਜਾਤੀ ਨਾਲ ਸੰਬੰਧ ਰੱਖਦੇ ਸਨ। ਆਪ ਜੀ ਦੇ ਵੱਡੇ-ਵਡੇਰੇ ਦਿਲਵਾਲੀ ਮੁਹੱਲੇ ਦਿੱਲੀ ਵਿੱਚ ਰਿਹਾ ਕਰਦੇ ਸਨ। ਜਦੋਂ 11 ਨਵੰਬਰ 1675 ਦੇ ਦਿਨ ਧੰਨ ਗੁਰੂ ਤੇਗ ਬਹਾਦਰ ਜੀ ਦਿੱਲੀ ਵਿੱਚ ਸ਼ਹੀਦ ਕਰ ਦਿੱਤੇ ਗਏ ਤਾਂ ਭਾਈ ਜੈਤਾ ਜੀ ਗੁਰੂ ਸਾਹਿਬ ਦਾ ਸੀਸ ਚਾਂਦਨੀ ਚੌਂਕ 'ਚੋਂ ਚੁੱਕ ਕੇ ਲਿਆਏ ਸਨ ਅਤੇ ਸ੍ਰੀ ਅਨੰਦਪੁਰ ਸਾਹਿਬ ਲਿਜਾ ਕੇ ਧੰਨ ਗੁਰੂ ਗੋਬਿੰਦ ਸਿੰਘ ਜੀ ਨੂੰ ਸਤਿਕਾਰ ਸਹਿਤ ਭੇਟ ਕੀਤਾ। ਇਸ ਤੇ ਗੁਰੂ ਸਾਹਿਬ ਨੇ ਉਨ੍ਹਾਂ ਨੂੰ **'ਗੁਰੂ ਦਾ ਬੇਟਾ'** ਆਖ ਕੇ ਨਿਵਾਜਿਆ ਸੀ।

ਜਦੋਂ ਧੰਨ ਗੁਰੂ ਗੋਬਿੰਦ ਸਿੰਘ ਜੀ ਨੇ ਫੌਜ ਬਣਾਈ ਤਾਂ ਭਾਈ ਜੈਤਾ ਜੀ ਉਸ ਵਿੱਚ ਸ਼ਾਮਲ ਹੋਏ। ਭਾਈ ਜੈਤਾ ਜੀ ਨੇ ਸ਼ਸਤਰ ਚਲਾਉਣ ਦੀ ਸਿਖਲਾਈ ਲੈਣ ਵਿੱਚ ਬੜੀ ਦਿਲਚਸਪੀ ਦਿਖਾਈ। ਬੜੀ ਛੇਤੀ ਉਹ ਸ਼ਸਤਰ ਚਲਾਉਣ ਵਿੱਚ ਮਾਹਿਰ ਹੋ ਗਏ। ਜਦੋਂ ਧੰਨ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪ੍ਰਗਟ ਕੀਤਾ ਤਾਂ ਆਪ ਅੰਮ੍ਰਿਤ ਛਕ ਕੇ ਭਾਈ ਜੈਤਾ ਤੋਂ ਭਾਈ ਜੀਵਨ ਸਿੰਘ ਬਣ ਗਏ। ਆਪ ਜੀ ਦਾ ਗੁਰੂ ਸਾਹਿਬ ਨਾਲ ਇੰਨਾ ਪਿਆਰ ਸੀ ਕਿ ਆਪ ਇਸ ਤੋਂ ਮਗਰੋਂ ਸ੍ਰੀ ਅਨੰਦਪੁਰ ਸਾਹਿਬ ਵਿੱਚ ਹੀ ਰਹਿਣ ਲੱਗ ਪਏ। ਸ੍ਰੀ ਅਨੰਦਪੁਰ ਸਾਹਿਬ 'ਤੇ ਹੋਏ ਹਮਲਿਆਂ ਵਿੱਚ ਆਪ ਨੇ ਬਹਾਦਰੀ ਦੇ ਖ਼ੂਬ ਜੌਹਰ ਦਿਖਾਏ ਅਤੇ ਬਹੁਤ ਸਾਰੇ ਹਮਲਾਵਰ ਪਹਾੜੀਆਂ ਅਤੇ ਮੁਗਲਾਂ ਨੂੰ ਮੌਤ ਦੇ ਘਾਟ ਉਤਾਰਿਆ।

5-6 ਦਸੰਬਰ 1705 ਦੀ ਰਾਤ ਨੂੰ ਜਦੋਂ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਛੱਡਿਆ ਤਾਂ ਭਾਈ ਜੀਵਨ ਸਿੰਘ ਵੀ ਉਨ੍ਹਾਂ 40 ਸਿੰਘਾਂ ਵਿੱਚੋਂ ਇੱਕ ਸਨ ਜਿਨ੍ਹਾਂ ਨੇ ਗੁਰੂ ਸਾਹਿਬ ਦੇ ਅੰਗ-ਸੰਗ ਰਹਿਣ ਦਾ ਫੈਸਲਾ ਕੀਤਾ ਸੀ। ਸ੍ਰੀ ਅਨੰਦਪੁਰ ਸਾਹਿਬ ਤੋਂ ਨਿਕਲ ਕੇ ਜਦੋਂ ਕਾਫ਼ਲਾ ਕੀਰਤਪੁਰ ਤੋਂ ਅੱਗੇ ਸਰਸਾ ਨਦੀ ਦੇ ਨੇੜੇ ਪੁੱਜਾ ਤਾਂ ਪਹਾੜੀ ਫੌਜਾਂ ਨੇ ਸਿੱਖਾਂ 'ਤੇ ਹਮਲਾ ਕਰ ਦਿੱਤਾ। ਭਾਈ ਜੀਵਨ ਸਿੰਘ ਅਤੇ ਉਨ੍ਹਾਂ ਦੇ ਇੱਕ ਸੌ ਸਾਥੀਆਂ ਨੂੰ ਗੁਰੂ ਸਾਹਿਬ ਨੇ ਪਿੰਡ ਝੱਖੀਆਂ ਦੀ ਜੂਹ ਵਿੱਚ ਮੋਰਚੇ ਲਾਉਣ ਵਾਸਤੇ ਤਾਇਨਾਤ ਕਰ ਦਿੱਤਾ। ਇਸ ਮੌਕੇ 'ਤੇ ਬੜੀ ਜ਼ਬਰਦਸਤ ਲੜਾਈ ਹੋਈ। ਸਾਰੇ ਸਿੰਘਾਂ ਨੇ ਹਮਲਾਵਰ ਸਿਪਾਹੀਆਂ ਦਾ ਡੱਟ ਕੇ ਮੁਕਾਬਲਾ ਕੀਤਾ। ਇੱਕ-ਇੱਕ ਸਿੰਘ ਨੇ ਕਈ-ਕਈ ਪਹਾੜੀ ਤੇ ਮੁਗ਼ਲ ਫੌਜ ਨੂੰ ਮੌਤ ਦੇ ਘਾਟ ਉਤਾਰਿਆ। ਭਾਈ ਜੀਵਨ ਸਿੰਘ ਜੀ, ਜੋ ਬੜੇ ਜ਼ਬਰਦਸਤ ਤੀਰ-ਅੰਦਾਜ਼ ਸਨ, ਨੇ ਤੀਰਾਂ ਦਾ ਮੀਂਹ ਵਰ੍ਹਾ ਦਿੱਤਾ। ਉਨ੍ਹਾਂ ਦੇ ਤੀਰਾਂ ਨੇ ਪਹਾੜੀਆਂ ਨੂੰ ਇੱਕ ਵਾਰ ਤਾਂ ਦਿਨੇ ਤਾਰੇ ਦਿਖਾ ਦਿੱਤੇ। ਇਸ ਮੌਕੇ 'ਤੇ ਅਚਾਨਕ ਇੱਕ ਗੋਲੀ ਭਾਈ ਜੀਵਨ ਸਿੰਘ ਜੀ ਦੇ ਮੱਥੇ ਵਿੱਚ ਆ ਕੇ ਵੱਜੀ ਅਤੇ ਉਨ੍ਹਾਂ ਨੇ ਉਸ ਵੇਲੇ 'ਵਾਹਿਗੁਰੂ ਜੀ ਕੀ ਫਤਹਿ' ਆਖ ਕੇ ਸ਼ਹੀਦੀ ਜਾਮ ਪੀ ਲਿਆ। ਸ਼ਾਮ ਤੱਕ ਇਹ ਲੜਾਈ ਚਲਦੀ ਰਹੀ ਅਤੇ ਇਹ ਸਾਰੇ ਸੌ ਦੇ ਸੌ ਸਿੰਘ ਇੱਕ ਸਿੰਘਣੀ ਬੀਬੀ ਭਿੱਖਾ ਪਤਨੀ ਭਾਈ ਆਲਮ ਸਿੰਘ ਨੱਚਣਾ (ਤੇ ਬੇਟੀ ਭਾਈ ਬਜਰ ਸਿੰਘ) ਸਮੇਤ ਸ਼ਹੀਦੀਆਂ ਪਾ ਗਏ। ਇਹ ਸਾਰੀਆਂ ਸ਼ਹੀਦੀਆਂ 6 ਦਸੰਬਰ 1705 ਦੇ ਦਿਨ ਸਵੇਰ ਵੇਲੇ ਹੋਈਆਂ ਸਨ।

***—ਡਾ. ਹਰਜਿੰਦਰ ਸਿੰਘ ਦਿਲਗੀਰ ਦੀ ਪੁਸਤਕ 'ਗੁਰੂ ਦੇ ਸ਼ੇਰ' ਵਿੱਚੋਂ ਧੰਨਵਾਦ ਸਹਿਤ***

गुरयाई दिवस को समर्पित

# धन्य धन्य श्री गुरु तेग बहादुर जी

—भाई पाल सिंघ जी

श्री गुरु तेग बहादुर जी का प्रकाश गुरु के महल (अमृतसर) में श्री गुरु हरिगोबिंद साहिब के घर माता नानकी जी की पवित्र कोख से 1 अप्रैल, 1621 ई॰ दिन शुक्रवार को हुआ। आप जी प्यार एवं वैराग्य की मूर्ति थे।

जब श्री गुरु हरिकृष्ण साहिब जी ने सचखंड की तैयारी कर ली तो सिक्खों ने विनती की— पातशाह जी! हमारे लिए क्या हुक्म है। गुरु जी ने फुरमाया कि गुरबाणी का पाठ एवं श्री गुरु नानक देव जी के चरणों का ध्यान करो। भाई गुरबक्श सिंघ जी ने विनती की, सच्चे पातशाह जी! गुरगद्दी घर—घर न लग जाए, इसलिए संगत की बांह किसे पकड़ाओगे? वह संगत को बता दो।

कुछ समय बाद गुरु जी ने सोच—विचार कर एक नारियल एवं पाँच पैसे एक थाल में मंगवा लिए। सतिगुरु जी ने थाल को अपने हाथ में पकड़ कर माथा टेक दिया एवं कहा, "गुरु बाबा बकाले।"

ये वचन करके श्री गुरु हरिकृष्ण साहिब जी ज्योति—ज्योत समा गए। जब इस बात का सिक्ख संगतों को पता लगा कि गुरु बाबा बकाले गाँव में है तो सबसे पहले धीरमल ने अपने मसंदों को साथ लेकर बकाले में पड़ाव कर लिया। धीरमल स्वयं गद्दी लगाकर बैठ गया और अपने मसंदों को गाँव के बाहर नियत कर दिया कि जो भी सिक्ख गुरु जी की तलाश करता हुआ दर्शन करने आए, उसको सीधा मेरे पास ले आना।

धीरमल की तरफ देखकर अन्य भी सोढी बकाला साहिब आकर डेरा लगाकर बैठ गए और सबने मसंद भेट में से हिस्सा देना मुकर्रर कर लिए। पर ज्यादा लाभ धीरमल को हुआ। श्रद्धावान सिक्खों के लिए यह बहुत कठिन समय था। वे बेचारे भटक रहे थे, क्योंकि कच्चा गुरु किसी को मुक्ति नहीं दे सकता था।

***केते गुर चेले फुनि हूआ॥***
***काचे गुर ते मुकति न हूआ॥***

*(अंग ६३२)*

उधर पूरे गुरु श्री गुरु तेग बहादुर जी, जिनमें निरंकारी ज्योति विद्यमान थी, वह भोरे में से बाहर नहीं आना चाहते थे, पर कच्चे गुरु अपना—अपना ढिंडोरा पीट रहे थे और संगत को कुमार्ग में डाल रहे थे।

***गुरु जिना का अंधुला सिख भी अंधे करम करेनि॥***

*(अंग ६५१)*

अब श्रद्धावान सिक्खों को गुरु की चुनाव वाली परख में से लंघाना था और दंभी गुरुओं की परख के उपरांत पूरे सच्चे गुरु की तलाश करने वाले सिक्खों के धैर्य का नज़ारा भी देखना था।

यह तो एक कौतुक था सिक्खी के मार्ग में काँटों को दूर करने का, शेष सच–झूठ का निपटारा तो निरंकारी ज्योति के प्रकाश द्वारा ही होना था।

"गुरु बाबा बकाले" नवम् गुरु के बारे में बात स्पष्ट थी कि अगले गुरु हमारे बाबे जो बकाला में रहते हैं, होंगे क्योंकि श्री गुरु तेग बहादुर जी रिश्ते में श्री गुरु हरिकृष्ण साहिब जी के बाबा ही लगते थे। इस में शक की कोई गुंजाइश नहीं थी।

पर दंभी गुरु बनकर मंजियां लगा कर स्वयं गुरु बनकर संगतों से भेट ले रहे थे। पाँच–छः महीने संगतें सच्चे गुरु की तलाश में तड़पती भटकती रहीं।

***गुरु पूरे बिन रोवन धाहीं।***

*(वार १५, पउड़ी ५)*

संगत क्यों तड़प रही थी, क्योंकि पाखंडी गुरुओं के दर्शन करके मन शांत नहीं हो रहा था, भ्रम दूर नहीं हो रहा था।

***अंधे गुरु ते भरमु न जाई।।***

*(अंग २३२)*

भाई गुरदास जी भी कहते हैं कि अधूरे गुरु वाला यमपुरी में ही जाता है।

***गुर पूरे बिन जमपुर जाए।।***

*(वार १५, पउड़ी १४)*

पूरे गुरु की परख करने वाला भी प्रभु ने स्वयं ही भेज दिया। 8 अगस्त 1664 ई॰ को भाई मक्खन शाह लुबाणा जी वणजारा सिक्ख, गुरु जी के दर्शनों के लिए भेट लेकर बकाला साहिब में अपने परिवार सहित आया।

भाई मक्खन शाह जी व्यापारी थे और टांडा गाँव (ज़िला जेहलम) के निवासी थे। देश–विदेश में व्यापार करते थे। एक देश से माल लेकर दूसरे देश जाकर बेच देना। उधर से माल लाकर अपने देश में बेचना। एक बार किसी विदेश से माल खरीद कर समुद्र के रास्ते अपने देश आ रहे थे कि समुद्र में तूफान आने के कारण जहाज एक रेत के नीचे ऊपर चढ़कर जिलन में फंस गया। मक्खन शाह जी के नौकरों और जहाज के मलाहों ने बड़ा जोर लगाया पर कोई पेश न गई। इस तरह जब दो दिन बीत गए तो मक्खन शाह जी ने विनती की कि सच्चे पातशाह जी! मैं आप जी का सेवक हूँ, मेरी लाज रखो। मैं आप जी की प्रदान की हुई कमाई में से 500 मोहर भेट करुँगा।

जब मक्खन शाह जी की विनती धन्य श्री गुरु तेग बहादुर जी ने सुनी तो स्वयं रूप धारण कर सूरत बंदरगाह पर पहुँच गए और अपना कंधा लगा कर मक्खन शाह जी के जहाज को रेत में से निकाल दिया।

भाई मक्खन शाह जी का सारा माल काफी लाभ में बिक गया तो वह सबसे पहले गुरु घर की मनौती उतारने के लिए दिल्ली पहुँचे तो पता लगा कि श्री गुरु हरिकृष्ण साहिब जी ज्योति–ज्योत समा गए हैं और कह गए हैं "गुरु बाबा बकाले।" भाई मक्खन शाह जी अपने परिवार सहित बकाला साहिब पहुँच गए। पर यहाँ आकर उन्होंने 22 मंजीदार गुरु बने देखे और बड़े परेशान व निराश हुए।

भाई मक्खन शाह जी ने फिर गुरु चरणों में अरदास की कि सच्चे पातशाह जी! गुरु घर की अमानत स्वयं ही मांग कर ले लेना। पहले वह धीरमल के पास गए, जिसके पास श्री गुरु

अर्जुन देव जी की हस्तलिखित आदि श्री ग्रंथ साहिब जी भी थे। भाई मक्खन शाह जी ने पाँच मोहरें दर्शनी भेट रखकर माथा टेका। फिर दो–दो मोहरें सबके आगे रखकर माथा टेकते गए। मंजीदार एक दूसरे को पाखंडी व धोखेबाज कहें और अपने आपको सच्चा गुरु कहते जाएं। उस समय भाई मक्खन शाह जी को श्री सुखमनी साहिब जी के शब्द याद आ गए।

*आपस कउ जो भला कहावै।।*
*तिसहि भलाई निकटि न आवै।।*

*(अंग २७८)*

*आपस कउ जो जाणै नीचा।।*
*सोऊ गनीऐ सभ ते ऊचा।।*

*(अंग २६६)*

इन गुरु दंभियों से निराश होकर भाई मक्खन शाह जी ने जब किसी अन्य गुरु के बारे में पूछा तो संगतों ने श्री गुरु तेग बहादुर जी के बारे में बताया और कहा कि वह गुरु होने की लालसा नहीं रखते। भाई मक्खन शाह जी ने जब भोरे में जाकर शांतचित समाधि में लीन गुरु जी के दर्शन किए तो ईश्वरीय ज्योति के दर्शन करके आत्मा शांत व प्रसन्न हो गई, पर फिर भी पक्की तसल्ली करने की खातिर 5 मोहरें ही आगे रखकर माथा टेका। गुरु जी ने कहा– भाई सिक्खा! गुरु घर की अमानत देनी ही भली होती है।

***पराई अमाण किउ रखीऐ दिती ही सुखु होइ।।***

*(अंग १२४६)*

पाँच सौ मोहरें देने की मनौती रख पाँच मोहरें ही दे रहा है, यह देख कंधा भी तेरे जहाज को जिलन में से निकालने के कारण जख्मी हो गया है।

जब गुरु जी ने अपनी मनौती की 500 मोहरें मांग लीं और जख्मी कंधा भी दिखा दिया तो भाई मक्खन शाह जी ने आप जी के चरणों पर शीश रख दिया और क्षमा मांगी।

भाई मक्खन शाह जी खुशी से गदगद हो गए और चुबारे पर चढ़कर पल्लू फेर कर ऊँची–ऊँची आवाज देने लगे। गुरु प्यारी संगत जी! "साचा गुरु लाधो रे।" "साचा गुरु लाधो रे।" पूरा गुरु मिलने की आवाज सुनकर संगतें पाखंडियों को छोड़कर कार भेट लेकर सच्चे गुरु जी के पास आने लगीं। बाबा बुड्ढा जी के पौत्रे बाबा गुरदिता जी ने दिल्ली से लाए हुए पाँच पैसे व नारियल भेट करके आप जी को गुरगद्दी का तिलक लगाने की रस्म अदा की।

उस समय आप जी की आयु 42 वर्ष थी। संगतों के भारी समूह को कार भेट लेकर आते देखकर धीरमल ईर्ष्या में जलने लगा। शीहे मसंद ने धीरमल को कहा, इस उगते पौधे को यदि अभी नष्ट न किया तो इसके काँटे आपको तंग करेंगे। अच्छी बात यही है कि आज ही गुरु तेग बहादुर जी को मारकर सारी चीज वस्तु जो संगत ने भेट किया है, अपने घर ले आएँ।

दूसरे ही दिन सतिगुरु जी तीसरे पहर उठकर बाहर गए तो शीहे मसंद ने अपने एक आदमी को बंदूक देकर रास्ते में बिठा दिया। जब सतिगुरु जी वापस आ रहे थे तो शीहे के आदमी ने आप जी पर गोली चला दी। पर वार खाली गया। गुरु जी ने मुस्कराते हुए कहा, "धीरमल तेरा भला हो।" यह वाक्य कहकर गुरु जी अपने घर माता जी के पास आ गए।

जब थोड़ा–सा दिन रह गया तो शीहा मसंद अपने पचास आदमी साथ लेकर गुरु जी

पर धावा बोलने के लिए आ गया। पहले उसने बंदूक का एक वार गुरु जी पर किया। गोली गुरु जी के माथे को थोड़ा–सा छू कर आगे निकल गई। शीहा अपने आदमियों के साथ सारा चढ़ावा उठा कर करतारपुर को ले चला।

जब भाई मक्खन शाह जी को इस काली करतूत का पता लगा तो आप ने अपने आदमियों के साथ धीरमल से सारा लूटा माल भी वापस ले आए और शीहे मसंद को बांध कर गुरु जी के आगे भी पेश किया।

गुरु जी ने शीहे मसंद की जंजीरें खुलवा दीं और उसको माफ करके उपदेश दिया कि हे सिक्खा! भले पुरुषों वाला जीवन व्यतीत किया करो। दया के सागर गुरु जी ने धीरमल को सारा सामान वापिस कर दिया। जब धीरमल अपना डंडा डेरा उठाकर करतारपुर चला गया तो बाकी मंजियों वाले भी अपने–अपने घर को चले गए। पर गुरु घर का यश देखकर बहुत दुखी होते थे। सतिगुरु जी तो धर्म की चादर बनकर सबका उद्धार करने आए थे। इसलिए आप जी ने सतलुज दरिया का रमणीक स्थल देखकर बिलासपुर के राजा से गाँव माखोवाल की जमीन खरीद कर 1664 ई॰ में श्री आनंदपुर साहिब नगर बसाया।

एक दिन गुरु जी ने पीपल के पेड़ के नीचे दीवान लगाया हुआ था। जब कड़ाह प्रसादि की देग बांटी गई तो एक भयानक दैत्य हाथ जोड़कर गुरु जी के आगे खड़ा हो गया।

उसने विनती की, महाराज जी! अब आप यह जगह मूल्य खरीद कर नगर बसा रहे हो, आपके सिक्ख ऊँची आवाज में बाणी पढ़ते हैं, यहाँ तक गुरबाणी की आवाज जाती है, वहाँ तक हम इस इलाके में डरते नहीं आते। हमें इस इलाके में से कोई अपवित्र वस्तु खाने को नहीं मिलती। हम यहाँ सात सौ साल से रह रहे हैं, मेरा नाम माखो दैत्य है।

गुरु जी ने उसकी बात सुन कर कहा, अब तुम अपने परिवार को लेकर सरहिंद में वास करो। किसी मनुष्य जाति को दुख न देना। इस माखो दैत्य के नाम पर श्री आनंदपुर साहिब का पहला नाम माखोवाल था।

अब गुरु जी धर्म प्रचार करने के लिए चल पड़े और दुनिया का उद्धार करते हुए भिखीविंड पहुँचे। पर उस गाँव का सरदार देसू सखी सरवर का चेला था। इसलिए गुरु जी को मिलने न आया। उस गाँव के सिक्खों ने देसू सरदार को विनती की कि धन्य गुरु नानक महाराज जी की गद्दी पर विराजमान गुरु जी आए हैं, आप भी एक बार दर्शन कर लो। देसू सरदार सिक्खों की बात मान कर गुरु जी के दर्शन करने आया। गुरु जी को नमस्कार करके बैठ गया। गुरु जी ने कहा, देसू सरदार! तूने यह क्या वेष धारण किया हुआ है, तुर्क का सेवक बनकर अपना जन्म व्यर्थ मत गंवा, देसू सरदार का मन प्रेरित हो गया और उसने सिक्खी धारण कर ली। मगर जब घर गया तो पत्नी ने बहुत डांटा कि तूने पीर की खूंडी क्यों उतार दी है? देसू ने पत्नी से डरते हुए फिर पीरों की खूंडी बांध ली। जब सतिगुरु जी को इस बात का पता चला तो आप जी ने कहा, देसू मूर्ख ने बहुत कहर किया है, हमने उसे पाँच तीर भी प्रदान किए थे, जिनमें पाँच गुप्त शक्तियाँ थीं। उसकी पत्नी ने वे भी तोड़ दिए थे। हमने देसू को बहुत भाग्यशाली बना दिया था पर उसने अपना सब कुछ गंवा

लिया और नरक का भागीदार बन गया है।

*गुर ते मुहु फेरे जे कोई*
*गुर का कहिआ न चिति धरै॥*
*करि आचार बहु संपउ संचै जो*
*किछु करै सु नरकि परै॥४॥*

*(अंग १३३४)*

कैथल से चलकर गुरु जी बारने गाँव पहुँचे तो वहाँ एक जमींदार का गुरु जी पर अटूट निश्चय हो गया और उसने गुरु जी को अपने घर आने की विनती की। पर गुरु जी ने कहा, पहले हुक्के का त्याग करो। उसने कहा, मैं आगे से कभी हुक्के पीने वालों का संग नहीं करुँगा। गुरु जी ने कहा, जब तक तुम्हारी वंश हुक्के का त्याग रखेगी, आप बहुत उन्नति करोगे, पर यदि फिर से हुक्का पीने लग पड़ोगे तो धन का नाश होगा।

श्री गुर प्रताप सूरज ग्रंथ के रचयिता भाई संतोख सिंघ जी लिखते हैं कि अपनी आँखों से देखा है उस जमींदार के वंश का एक आदमी हुक्का पीने लग पड़ा था और वह कंगाल हो गया था।

स्कंध पुराण अध्याय 52 और श्लोक 52 में श्रेष्ठ ऋषियों का उपदेश है कि जो भी तंबाकू पीने वाले ब्राह्मण को दान देता है वह रौरवे नामी नरक में पड़ता है और जो धूम्रपान करने वाला ब्राह्मण दान दक्षिणा लेता है, वह सूअर की योनि में पड़ता है तथा उसी गाँव की गंदगी खाता है।

*धूमर पानं रतं बिप्रं दानं दि जंती जि नरा॥*
*दाता रौरवे जातिअं ब्राहम्णं ग्राम सु सुकरा॥*

सौ साखी ग्रंथ में भी लिखा है कि तंबाकू पीने वाले के हाथ से पानी पीना भी जहर का काम करता है।

*तनक तमाकू सेवीऐ देन पितर तज जाइ॥*
*पानी ता के हाथ का मदरा सम होइ जाइ॥*

सो नौवें पातशाह जी अपने सिक्खों को नित उपदेश करते थे कि जो चीज वाहिगुरु से चित तोड़े, उस चीज से चित हटा लो।

*गंदा धूम बंस ते तयागहु॥*
*अति गिलानि इस ते धारि भागहु॥*

*(श्री गुर प्रताप सूरज ग्रंथ)*

एक सिक्ख ने गुरु जी से सवाल पूछा कि वाहिगुरु की सेवा क्या है? गुरु जी ने बताया, जब हृदय से अहंकार मिट जाता है तो अहंकार रहित कार्य ही उसकी सेवा हैः

*हउमै विचि सेवा न होवई ता मनु बिरथा जाइ॥१॥*

*(अंग ५६०)*

और गुरु जी ने बताया, नाम जपना ही उसकी सेवा है।

*हरि की टहल कमावणी जपीऐ प्रभ का नामु॥*

*(अंग ३००)*

गुरु जी ने संगत को उपदेश दिया कि हमारा जीवन एक दरिया की तरह है, जैसे दरिया का पानी खेती को भी हरा करता है, तीर्थ भी बनता है लोक स्नान भी करते हैं, जल भी पीते हैं। सबको शीतलता पहुँचाता है और अनेक काम संवारता है पर उसका असल लक्ष्य है सागर में समाना और मार्ग में चलते–चलते परोपकार करना, खुशियाँ बाँटते जाना। उस रसना का कोई मूल्य नहीं जो नाम जपती है और परोपकार भी करती है।

–शेष पन्ना 52 पर

परम सत्कारयोग्य भाई साहिब भाई गुरइकबाल सिंघ जी के द्वारा दिए गए प्रोग्राम का अनुवाद

# सिक्ख पंथ की आदरणीय स्त्रियों में से धन्य धन्य माता गुजर कौर जी

–जसविन्द्र सिंघ (पटियाला)

*मः १॥*

*भंडि जंमीऐ भंडि निंमीऐ भंडि मंगणु वीआहु॥*
*भंडहु होवै दोसती भंडहु चलै राहु॥*
*भंडु मुआ भंडु भालीऐ भंडि होवै बंधानु॥*
*सो किउ मंदा आखीऐ जितु जंमहि राजान॥*
*भंडहु ही भंडु ऊपजै भंडै बाझु न कोइ॥*
*नानक भंडै बाहरा एको सचा सोइ॥*
*जितु मुखि सदा सालाहीऐ भागा रती चारि॥*
*नानक ते मुख ऊजले तितु सचै दरबारि॥२॥*
*(अंग ४७३)*

सारी संगत धन्य धन्य श्री गुरु ग्रंथ साहिब जी के प्यार में कहो सतिनाम श्री वाहिगुरु जी!

*सो किउ मंदा आखीऐ जितु जंमहि राजान॥*
*(अंग ४७३)*

धन्य माता गुजर कौर जी जिनका नाम सुनकर सिर गर्व से ऊँचा हो जाता है। हमारे गुरु नानक महाराज जी का घर इतना प्यारा है, इतनी माताएं, इस घर में हुई हैं। माता गुजर कौर जी के पहले जीवन के दर्शन करना। यह विरलों के भाग में आता है। माता गुजर कौर जी गुरु साहिब की बहू हुए हैं, गुरु साहिब की पत्नी हुए हैं और गुरु साहिब की माता भी हुए हैं। गुरु साहिब की बहू कैसे? माता गुजर कौर जी छठे पातशाह श्री गुरु हरिगोबिंद साहिब जी की बहू हैं। गुरु साहिब की धर्मपत्नी, श्री गुरु तेग बहादुर साहिब जी की धर्मपत्नी। गुरु साहिब की माता, कलगीधर पिता जी के माता जी। दूसरा इतिहासकारों ने प्यार में लिखा है। कहते, माता गुजर कौर जी शहीद गुरु जी की धर्मपत्नी हुए हैं और शहीद पौत्रों की दादी जी हुए हैं।

माता गुजर कौर जी के पिता जी का नाम, भाई लाल चंद जी और माता जी का नाम, माता बिशन कौर जी। आओ थोड़ा–सा उनके इर्द–गिर्द नज़र डालें। अब आगे महाराज जी सेवा लें। शहीद गुरु की पत्नी, शहीद पौत्रों की दादी, गुरु की बहू, गुरु की पत्नी, गुरु की माता। कहो प्यार से सभी :

*सो किउ मंदा आखीऐ जितु जंमहि राजान॥*
*(अंग ४७३)*

### *धन्य धन्य माता गुजर कौर जी*

माता गुजर कौर जी का रिश्ता हुआ, धन्य श्री गुरु तेग बहादुर साहिब जी से। अनंद कारज हो गए। लेखकों की पुस्तकों में से मिला है डोली भेजते समय माता गुजर कौर जी के माता बिशन कौर जी ने माता गुजर कौर जी को चार उपदेश

दिए हैं। पहला उपदेश मां ने दिया, जो दास को बहुत अच्छा लगा है। कहने लगे, बेटी, चार उपदेश हैं, हृदय पर लिख लो। यह माता गुजर कौर जी का पहला समय है। डोली भेजते समय माता जी ने पहली बात कही, क्योंकि यह माता जी के पिता जी श्री गुरु अर्जुन देव जी के समय से पहले सिक्ख थे, लाडले सिक्ख, हुक्म मानने वाले सिक्ख। मगर हकीकी प्रेम की गुड़तियाँ थी। माता गुजर कौर जी के माता जी ने डोली भेजते समय **पहला उपदेश दिया, गुजरी का अर्थ है, सुख देना। बेटी, अपने नाम को लाज न लगने देना, जाकर सुख देना। दूसरा उपदेश दिया कि अपने पति गुरु तेग बहादुर जी की सेवा परमेश्वर समझ कर करना।** अभी तब नवम् पातशाह जी गुरगद्दी पर विराजमान नहीं हुए थे। आज के समय मुताबिक बातें अजीब लगेंगी। तीसरा उपदेश, गुर बिलास पातशाही छेवीं में वचन लिखे हैं:

*पती सम ईस पछाण कै*

ईस कहते हैं, ईश्वर को।

*पती सम ईस पछाण कै*
*पुत्री कर सेव पती परमेश्वर जाणीऐ*

परमेश्वर समझ कर सेवा करना। तीसरा उपदेश, माता गुजर कौर जी के माता जी ने दिया, दास को बहुत अच्छा लगा है, बेशक अब समय और आ गया है। **तीसरा उपदेश था, ऐसा मौका न आने देना कि सास माता को कुछ कहना पड़े।** यह वचन पढ़कर पता नहीं कौन–सा घर सचखण्ड बन जाए। चौथा उपदेश बड़ा ही प्यारा है। माता गुजर कौर जी के माता जी कह रहे हैं। पाँच चीजें बोली हैं, चौथे उपदेश में सब्र, संतोष, सिमरन, सेवा, प्रेम। यह पाँच चीजें कही माता जी ने। चौथा उपदेश दिया, बेटी, सब्र, संतोष, सिमरन, सेवा, प्रेम इन पाँच चीजों को ससुराल में जाकर पहल देनी है। दुख आएगा ही नहीं। सब्र को पहल देना। संतोष को पहल देना। सिमरन को पहल देना। सेवा को पहल देना। प्रेम को पहल देना। इन पाँच चीजों को पहल देना। कैसा गुरु नानक महाराज जी का घर है। पढ़ो जीः

*पूरे गुर का सुनि उपदेसु ॥*
*पारब्रहमु निकटि करि पेखु ॥*

*(अंग २९५)*

माता गुजर कौर जी के माता जी ने गुरमति अनुसार ये चार उपदेश प्रदान किए और कहा इनका ध्यान रखना। अब आगे आ जाओ। छठे पातशाह जी ने फुरना बनाया। बहुत प्यारी बात है। क्या फुरना बनाया? गुरु हरिराय साहिब जी को गुरगद्दी देनी है। गुरु तेग बहादुर जी के माता जी, माता नानकी जी, कहने लगे, छठे पातशाह जी को कि मेरे पुत्र को आप गद्दी से वंचित रख रहे हो, गुरु हरिराय साहिब को गुरगद्दी देने का विचार है। धन्य गुरु हरिराय साहिब जी, बाबा गुरदिता जी के सुपुत्र हुए हैं, छठे पातशाह जी ने पहले पौत्रे को गुरगद्दी प्रदान की। माता नानकी जी ने विनती की, सतिगुरु जी आप मेरे पुत्र को गुरगद्दी से वंचित रख रहे हो। यह भोलाभाला भी है। गुरु तेग बहादुर जी बहुत भोले थे। अधिक बोलते भी नहीं थे। जब आगमन हुआ था, तब आपने कुछ और कहा था। बहुत बड़ी सेवा इन से लेंगे। इनको गुरयाई से वंचित रख रहे हो। हर मां को होता है कि मेरा पुत्र आगे आए। कैसे हमारे गुरु साहिब हैं। गुरु तेग

